ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

To view our online newspaper visit punjabipost.ca/epaper | Vol 20*Issue 98 | Tuesday, May 18, 2021 | Tel: 905-793-2202 | Fax: 905-793-2282 | news@punjabipost.ca | ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ



Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to $90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steeles Ave. W. Unit 11, Etobicoke, ON


## ਨਵਜੋਤ ਸਿੱਧੂ ਵਿਰੁੱਧ ਵਿਜੀਲੈਂਸ ਕਾਰਵਾਈ ਤੋਂ ਕੈਬਨਿਟ ਮੰਤਰੀ ਸੁੱਖੀ ਰੰਧਾਵਾ ਵੀ ਨਾਰਾਜ਼

ਚੰਡੀਗੜ੍ਹ, 17 ਮਈ, (ਪੋਸਟ ਬਿਊਰੋ)- ਸਾਬਕਾ ਮੰਤਰੀ ਨਵਜੋਤ ਸਿੰਘ ਸਿੱਧੂਦੇ ਖਿਲਾਫ ਵਿਜੀਲੈਂਸ ਜਾਂਚ ਦੀ ਚਰਚਾ ਦੌਰਾਨ ਕੈਬਨਿਟ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਆਪਣੀ ਹੀ ਸਰਕਾਰ ਉੱਤੇ ਸਵਾਲ ਕੀਤੇ ਹਨ।

ਇਸ ਐਤਵਾਰ ਦਿੱਤੀ ਇੱਕ ਇੰਟਰਵਿਊ ਵਿੱਚਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਕਿਹਾ ਕਿ ਜੇ ਨਵਜੋਤਸਿੱਧੂਵਿਰੁੱਧ ਵਿਜੀਲੈਂਸ ਦੀ ਜਾਂਚ ਚੱਲਦੀ ਸੀ ਤਾਂ ਪੰਜਾਬ ਕਾਂਗਰਸ ਦੇ ਇੰਚਾਰਜ ਹਰੀਸ਼ ਰਾਵਤ ਨਾਲ ਮਿਲਣਪਿੱਛੋਂ ਉਸ ਨੂੰ ਦੁਬਾਰਾ ਮੰਤਰੀ ਬਣਾਉਣ ਦੀ ਗੱਲ ਕਿਉਂ ਕਹੀ ਗਈ।ਰੰਧਾਵਾ ਨੇ ਕਿਹਾ ਕਿ ਵਿਜੀਲੈਂਸ ਦੀ ਹਮੇਸ਼ਾ ਗਲਤ ਵਰਤੋਂ ਹੁੰਦੀ ਰਹੀ ਹੈ, ਪਹਿਲਾਂ ਕੈਪਟਨ ਸਰਕਾਰ ਨੇ ਬਾਦਲਾਂ ਖਿਲਾਫ ਵਿਜੀਲੈਂਸ ਜਾਂਚ ਕਰਵਾਈ ਤੇ ਫਿਰ ਬਾਦਲਾਂ ਨੇ ਕੈਪਟਨ ਖਿਲਾਫ ਵਿਜੀਲੈਂਸ ਜਾਂਚ ਕਰਾਈ, ਪਰ ਇਨ੍ਹਾਂ ਜਾਂਚਾਂ ਦਾ ਕੋਈ ਨਤੀਜਾ ਨਹੀਂ ਨਿਕਲਦਾ।ਰੰਧਾਵਾ ਨੇ ਕਿਹਾ:ਸਿੱਧੂ ਨੂੰ ਇਨ੍ਹਾਂ ਗੱਲਾਂ ਬਾਰੇ ਖੁੱਲ੍ਹ ਕੇ ਸਾਹਮਣੇ ਆਉਣਾ ਅਤੇ ਆਪਣਾ ਪੱਖ ਰੱਖਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਨਵਜੋਤ ਸਿੰਘ ਸਿੱਧੂ ਨਾਲ ਉਨ੍ਹਾਂ ਦੀ ਗੱਲ ਹੁੰਦੀ ਰਹੀ ਹੈ ਤੇ ਸਿੱਧੂ ਸਮੇਤ ਸਾਰੇ ਵਿਧਾਇਕਾਂ ਨਾਲ ਬੈਠਕਾਂ ਵੀ ਹੁੰਦੀਆਂ ਹਨ। ਉਨ੍ਹਾਂ ਕਿਹਾ ਕਿ ਇਹ ਬੈਠਕਾਂ ਪੰਜਾਬ ਕਾਂਗਰਸ ਦੀ ਮੌਜੂਦਾ ਸਥਿਤੀਬਾਰੇ ਵੀ ਹੁੰਦੀਆਂ ਹਨ, ਕਿਉਂਕਿ ਕੋਟਕਪੂਰਾ ਕੇਸ ਵਿੱਚ ਹਾਈਕੋਰਟ ਦੇ ਫ਼ੈਸਲੇ ਤੋਂ ਬਾਅਦ ਪੰਜਾਬ ਕਾਂਗਰਸ ਬੈਕਫੁੱਟ ਉੱਤੇ ਆਈ ਹੈ। ਇਹ ਇਸ ਲਈ ਹੈ ਕਿ ਚੋਣਾਂ ਤੋਂ ਪਹਿਲਾਂ ਕੈਪਟਨ ਅਮਰਿੰਦਰ ਸਿੰਘ ਨੇ ਵਾਅਦਾ ਕੀਤਾ ਸੀ ਕਿ ਬੇਅਦਬੀ ਅਤੇ ਗੋਲੀਕਾਂਡ ਕੇਸ ਵਿੱਚ ਕਾਂਗਰਸ ਸਰਕਾਰ ਜਾਂਚ ਕਰਾਏਗੀ ਤਾਂ ਬਾਦਲਾਂ ਨੂੰ ਜੇਲ ਵਿੱਚ ਪਾਇਆ ਜਾਵੇਗਾ, ਪਰ ਹਾਈਕੋਰਟ ਦੇ ਫ਼ੈਸਲੇ ਨੇ ਤਸਵੀਰ ਬਦਲ ਦਿੱਤੀ, ਅੱਜ ਸਰਕਾਰ ਨੂੰ ਇਸ ਦਾ ਜਵਾਬਦੇਣਾ ਪਵੇਗਾ, ਜਾਂ ਸਰਕਾਰ ਦੋਸ਼ੀਆਂ ਨੂੰ ਜੇਲ ਵਿੱਚ ਪਾਵੇ ਜਾਂ ਕਹਿ ਦੇਵੇ ਕਿ ਪਹਿਲਾਂ ਕਿਹਾ ਗਲਤ ਸੀ।

## ਸ਼ੁਰੂ ਹੋਣ ਤੋਂ 142 ਸਾਲਾਂ ਬਾਅਦ ਸੀ ਐਨ ਈ ਦੇ ਸਥਾਈ ਤੌਰ ਉਤੇ ਬੰਦ ਹੋਣ ਦਾ ਖਤਰਾ ਵਧਿਆ

ਟੋਰਾਂਟੋ, 17 ਮਈ (ਪੋਸਟ ਬਿਊਰੋ) : 142 ਸਾਲਾਂ ਤੱਕ ਕੰਮ ਕਰਦੇ ਰਹਿਣ ਤੋਂ ਬਾਅਦ ਵਿੱਤੀ ਸਮੱਸਿਆਵਾਂ ਦੇ ਚੱਲਦਿਆਂ ਕੈਨੇਡੀਅਨ ਨੈਸ਼ਨਲ ਐਗਜ਼ੀਬਿਟ (ਸੀ ਐਨ ਈ) ਨੂੰ ਹਮੇਸ਼ਾਂ ਲਈ ਬੰਦ ਕੀਤੇ ਜਾਣ ਦਾ ਖਤਰਾ ਖੜ੍ਹਾ ਹੋ ਗਿਆ ਹੈ। ਇਸ ਨੂੰ ਜਾਰੀ ਰੱਖਣ ਲਈ ਤਿਆਰ ਕੀਤੀ ਗਈ ਪਟੀਸ਼ਨ ਉੱਤੇ 6000 ਤੋਂ ਵੱਧ ਦਸਤਖ਼ਤ ਕਰਵਾ ਲਏ ਗਏ ਹਨ।



ਇਹ ਐਗਜ਼ੀਬਿਸ਼ਨ 20 ਅਗਸਤ ਤੋਂ 6 ਸਤੰਬਰ, 2021 ਤੱਕ ਹੋਣੀ ਸੀ ਪਰ ਲਗਾਤਾਰ ਦੂਜੇ ਸਾਲ ਰੱਦ ਹੋਣ ਤੋਂ ਬਾਅਦ ਸੀ ਐਨ ਈ ਨੇ ਆਖਿਆ ਕਿ ਉਨ੍ਹਾਂ ਨੂੰ ਕਾਫੀ ਵਿੱਤੀ ਦਬਾਅ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਹ ਵੀ ਆਖਿਆ ਗਿਆ ਕਿ ਉਹ ਇੱਕ ਹੋਰ ਫੇਅਰ ਆਯੋਜਿਤ ਕਰਨ ਦੀ ਹਿੰਮਤ ਨਹੀਂ ਰੱਖਦੇ। ਇਹ ਪਟੀਸ਼ਨ ਸਿਟੀ ਆਫ ਟੋਰਾਂਟੋ ਦੇ ਕਾਊਂਸਲਰ ਮਾਈਕ ਲੇਅਟਨ ਵੱਲੋਂ ਸ਼ੁਰੂ ਕੀਤੀ ਗਈ ਸੀ। ਉਨ੍ਹਾਂ ਵੱਲੋਂ ਫੌਰੀ ਤੌਰ ਉੱਤੇ ਪ੍ਰੋਵਿੰਸ਼ੀਅਲ ਤੇ ਫੈਡਰਲ ਸਰਕਾਰ ਤੋਂ 5·5 ਮਿਲੀਅਨ ਡਾਲਰ (ਸਰਕਾਰ ਦੇ ਦੋਵਾਂ ਪੱਧਰਾਂ ਨੂੰ) ਦਾ ਫੌਰੀ ਯੋਗਦਾਨ ਪਾਉਣ ਦੀ ਮੰਗ ਕੀਤੀ ਗਈ।

ਪਟੀਸ਼ਨ ਵਿੱਚ ਆਖਿਆ ਗਿਆ ਹੈ ਕਿ 18 ਦਿਨ ਚੱਲਣ ਵਾਲੇ ਇਸ ਫੇਅਰ ਨਾਲ ਜੀਟੀਏ ਤੇ ਪ੍ਰੋਵਿੰਸ ਨੂੰ 93·1 ਮਿਲੀਅਨ ਤੇ 128·3 ਮਿਲੀਅਨ ਡਾਲਰ ਦਾ ਫਾਇਦਾ ਕ੍ਰਮਵਾਰ ਹੁੰਦਾ ਹੈ। ਸੀ ਐਨ ਈ ਅਹਿਮ ਇੰਪਲੌਇਰ ਵੀ ਹੈ। ਹਰ ਫੇਅਰ ਸੀਜ਼ਨ ਵਿੱਚ ਇੱਥੇ 5000 ਨੌਜਵਾਨਾਂ ਨੂੰ ਰੋਜ਼ਗਾਰ ਮੁਹੱਈਆ ਕਰਵਾਇਆ ਜਾਂਦਾ ਹੈ ਤੇ ਇਸ ਦੇ ਨਾਲ ਹੀ 700 ਵੈਂਡਰਜ਼ ਦੀ ਵੀ ਮਦਦ ਹੁੰਦੀ ਹੈ।

2021 ਸੀ ਐਨ ਈ ਨੂੰ 14 ਮਈ ਦਿਨ ਸ਼ੁੱਕਰਵਾਰ ਨੂੰ ਰੱਦ ਕਰ ਦਿੱਤਾ ਗਿਆ। ਇਹ ਖਬਰ ਲਿਖੇ ਜਾਣ ਤੱਕ ਪਟੀਸ਼ਨ ਆਪਣੇ 7000 ਦਸਤਖ਼ਤਾਂ ਦੇ ਟੀਚੇ ਤੋਂ ਸਿਰਫ 500 ਦਸਤਖ਼ਤ ਪਿੱਛੇ ਸੀ।


Best Insurance Rates
*Life *Auto *Home *Business
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Dir: 647-400-2949
Amanpreet S. Batth R.I.B.O
Axael Insurance Brokers Ltd.
1550 South Gateway Rd. Suite 220 Mississauga, ON L4W 5G6


## ਹੁਣ ਓਨਟਾਰੀਓ ਵਿੱਚ ਸਾਰੇ ਯੋਗ ਬਾਲਗਾਂ ਦੀ ਹੋਵੇਗੀ ਵੈਕਸੀਨੇਸ਼ਨ

ਓਨਟਾਰੀਓ, 17 ਮਈ (ਪੋਸਟ ਬਿਊਰੋ) : ਓਨਟਾਰੀਓ ਵਿੱਚ ਅੱਜ ਤੋਂ 18 ਤੇ ਇਸ ਤੋਂ ਵੱਧ ਉਮਰ ਦੇ ਸਾਰੇ ਲੋਕਾਂ ਲਈ ਕੋਵਿਡ-19 ਵੈਕਸੀਨੇਸ਼ਨ ਦਾ ਰਾਹ ਖੋਲ੍ਹ ਦਿੱਤਾ ਗਿਆ ਹੈ।

ਸਵੇਰੇ 8:00 ਵਜੇ ਤੋਂ ਸ਼ੁਰੂ ਹੋ ਕੇ ਯੋਗ ਵਿਅਕਤੀ ਪ੍ਰੋਵਿੰਸ ਦੇ ਆਨਲਾਈਨ ਬੁਕਿੰਗ ਪੋਰਟਲ ਰਾਹੀਂ ਜਾਂ ਸਿੱਧੇ ਤੌਰ ਉੱਤੇ ਪਬਲਿਕ ਹੈਲਥ ਯੂਨਿਟਸ, ਜਿਹੜੀਆਂ ਆਪਣੇ ਬੁਕਿੰਗ ਸਿਸਟਮ ਦੀ ਵਰਤੋਂ ਕਰਦੀਆਂ ਹਨ, ਰਾਹੀਂ ਮਾਸ ਇਮਿਊਨਾਈਜ਼ੇਸ਼ਨ ਕਲੀਨਿਕਸ ਵਿੱਚ ਵੈਕਸੀਨੇਸ਼ਨ ਲਈ ਬੁਕਿੰਗ ਕਰਵਾ ਸਕਣਗੇ। ਸ਼ੁਰੂ ਵਿੱਚ ਪ੍ਰੋਵਿੰਸ ਵੱਲੋਂ ਇਹ ਆਖਿਆ ਗਿਆ ਸੀ ਕਿ ਉਹ ਅਗਲੇ ਹਫਤੇ ਸਾਰੇ ਬਾਲਗਾਂ ਲਈ ਟੀਕਾਕਰਣ ਸਬੰਧੀ ਅਪੁਆਇੰਟਮੈਂਟਸ ਸ਼ੁਰੂ ਕਰ ਦੇਵੇਗੀ ਪਰ ਵੈਕਸੀਨ ਸਪਲਾਈ ਦੀ ਘਾਟ ਕਾਰਨ ਥੋੜ੍ਹੀ ਦੇਰ ਜ਼ਰੂਰ ਹੋਈ।




ਕੈਨੇਡਾ ਨੂੰ 1·4 ਮਿਲੀਅਨ ਸ਼ੌਟਸ ਵਾਧੂ ਮਿਲ ਰਹੇ ਹਨ, ਜਿਹੜੇ ਅਗਲੇ ਹਫਤੇ ਆਉਣੇ ਸਨ ਪਰ ਹੁਣ ਇਨ੍ਹਾਂ ਦੇ ਆਉਣ ਵਾਲੇ ਵੀਕੈਂਡ ਤੋਂ ਪਹਿਲਾਂ ਹੀ ਇੱਥੇ ਪਹੁੰਚਣ ਦੀ ਆਸ ਹੈ। ਫੈਡਰਲ ਸਰਕਾਰ ਦਾ ਕਹਿਣਾ ਹੈ ਕਿ ਇਸ ਹਫਤੇ ਫਾਈਜ਼ਰ ਤੇ ਮੌਡਰਨਾ ਦੀ 4·5 ਮਿਲੀਅਨ ਡੋਜ਼ ਕੈਨੇਡਾ ਪਹੁੰਚਣ ਦੀ ਉਮੀਦ ਹੈ। ਇਸ ਤੋਂ ਇਲਾਵਾ ਇਹ ਦਿੱਕਤ ਆ ਰਹੀ ਹੈ ਕਿ ਦੇਸ਼ ਭਰ ਵਿੱਚ ਦਵਾਈਆਂ ਦੀ ਵੰਡ ਦਾ ਕੰਮਕਾਜ ਸਾਂਭ ਰਹੇ ਮੇਜਰ ਜਨਰਲ ਡੈਨੀ ਫੋਰਟਿਨ ਉੱਤੇ ਜਿਨਸੀ ਸ਼ੋਸ਼ਣ ਦਾ ਦੋਸ਼ ਲੱਗਣ ਤੋਂ ਬਾਅਦ ਉਨ੍ਹਾਂ ਨੂੰ ਇਸ ਕੈਂਪੇਨ ਤੋਂ ਪਾਸੇ ਕਰ ਦਿੱਤਾ ਗਿਆ ਹੈ ਤੇ ਹੁਣ ਲਿਬਰਲ ਸਰਕਾਰ ਤੋਂ ਇਹੋ ਸਵਾਲ ਵਾਰੀ ਵਾਰੀ ਪੁੱਛਿਆ ਜਾ ਰਿਹਾ ਹੈ ਕਿ ਇਸ ਮੁਹਿੰਮ ਦੀ ਵਾਗਡੋਰ ਕੌਣ ਸਾਂਭੇਗਾ।

ਪਿਛਲੇ ਹਫਤੇ ਓਨਟਾਰੀਓ ਵੱਲੋਂ ਟੀਕਾਕਰਣ ਲਈ ਯੋਗਤਾ 40 ਸਾਲ ਤੇ ਇਸ ਤੋਂ ਵੱਧ ਕੀਤੀ ਗਈ ਸੀ ਤੇ ਇਸ ਦੇ ਨਾਲ ਹੀ ਮਾੜੀ ਸਿਹਤ ਵਾਲੇ ਹਾਈ ਰਿਸਕ ਲੋਕਾਂ ਤੇ ਅਜਿਹੇ ਲੋਕ ਜਿਹੜੇ ਘਰ ਤੋਂ ਕੰਮ ਨਹੀਂ ਕਰ ਸਕਦੇ, ਲਈ ਵੀ ਉਮਰ ਦਰ ਘਟਾਈ ਗਈ ਸੀ। ਓਨਟਾਰੀਓ ਦਾ ਇਹ ਵੀ ਕਹਿਣਾ ਹੈ ਕਿ 12ਤੋਂ 17 ਸਾਲ ਉਮਰ ਵਰਗ ਦੇ ਬੱਚਿਆਂ ਲਈ ਕੋਵਿਡ-19 ਵੈਕਸੀਨੇਸ਼ਨ 31 ਮਈ ਤੋਂ ਸ਼ੁਰੂ ਕੀਤੇ ਜਾਣ ਦੀ ਸੰਭਾਵਨਾ ਹੈ। ਇਸ ਦੇ ਨਾਲ ਹੀ 14 ਤੇ 21 ਜੂਨ ਵਾਲੇ ਹਫਤਿਆਂ ਦਰਮਿਆਨ ਯੂਥ ਨੂੰ ਸਮਰਪਿਤ ਸਪੈਸ਼ਲ ਵੈਕਸੀਨ ਕਲੀਨਿਕਸ ਖੋਲ੍ਹੇ ਜਾਣਗੇ।

## ਯੂ ਐੱਨ ਸਕਿਓਰਟੀ ਕੌਂਸਲ ਵਿੱਚ ਅਮਰੀਕਾ ਨੇ ਫਿਰ ਇਜ਼ਰਾਈਲ ਦਾ ਪੱਖ ਪਾਲਿਆ

ਨਿਊ ਯਾਰਕ, 17 ਮਈ, (ਪੋਸਟ ਬਿਊਰੋ)- ਅਮਰੀਕਾ ਨੇ ਇਕ ਹਫ਼ਤੇ ਵਿੱਚ ਤੀਸਰੀ ਵਾਰ ਯੂ ਐੱਨ ਸਕਿਓਰਟੀ ਕੌਂਸਲ ਨੂੰ ਇਜ਼ਰਾਈਲ-ਫਲਸਤੀਨ ਸੰਘਰਸ਼ ਉੱਤੇ ਸਾਂਝਾ ਬਿਆਨ ਜਾਰੀ ਕਰਨ ਤੋਂ ਰੋਕ ਦਿੱਤਾ ਹੈ। ਇਜ਼ਰਾਈਲੀ ਮੀਡੀਆ ਨੇ ਕੇਸ ਨਾਲ ਜੁੜੇ ਰਾਜਦੂਤਾਂ ਦੇ ਹਵਾਲੇ ਨਾਲ ਇਹ ਰਿਪੋਰਟ ਛਾਪੀ ਹੈ।

ਯੂ ਐੱਨ ਸਕਿਓਰਟੀ ਕੌਂਸਲ ਦੀ ਐਤਵਾਰ ਹੋਈ ਐਮਰਜੈਂਸੀ ਬੈਠਕ ਮਗਰੋਂ ਨਾਰਵੇ, ਟਿਊਨੀਸ਼ੀਆ ਅਤੇ ਚੀਨ ਦੇ ਬਿਆਨ ਪੇਸ਼ ਹੋਏ, ਜਿਨ੍ਹਾਂ ਵਿੱਚ ਦੋਵਾਂ ਧਿਰਾਂ ਨੂੰ ਗੋਲੀਬੰਦੀ ਲਈ ਕਿਹਾ ਗਿਆ, ਪਰ ਅਮਰੀਕਾ ਨੇ ਇਹ ਜਾਰੀ ਨਹੀਂ ਹੋਣ ਦਿੱਤਾ।ਯੂ ਐੱਨ ਵਿੱਚ ਅਮਰੀਕੀ ਰਾਜਦੂਤ ਲਿੰਡਾ ਥਾਮਸ ਗ੍ਰੀਨਫੀਲਡ ਨੇ ਕਿਹਾ ਕਿ ਅਮਰੀਕਾ ਡਿਪਲੋਮੈਟਿਕ ਚੈਨਲਾਂ ਤੋਂ ਇਹਟਕਰਾਅ ਖਤਮ ਕਰਨ ਦੇ ਯਤਨ ਕਰ ਰਿਹਾ ਹੈ। ਅਮਰੀਕਾ ਦੇ ਪ੍ਰਤੀਨਿਧੀ ਹੈਦ ਆਮਰ ਸ਼ੁੱਕਰਵਾਰ ਨੂੰ ਤੇਲ ਅਵੀਵ ਗਏਹਨ ਅਤੇ ਸੀਜ਼ਫਾਇਰ ਕਰਾਉਣ ਲਈ ਇਜ਼ਰਾਈਲ-ਫਲਸਤੀਨ ਅਧਿਕਾਰੀਆਂ ਨਾਲ ਗੱਲ ਕਰ ਰਹੇ ਹਨ। ਥਾਮਸ ਗ੍ਰੀਨਫੀਲਡ ਨੇ ਕਿਹਾ ਕਿ ਇਜ਼ਰਾਈਲਵਿਰੁੱਧ ਰਾਕੇਟ ਦਾਗਣਾ ਫਲਸਤੀਨ ਕੱਟੜਪੰਥੀ ਸੰਗਠਨ ਹਮਾਸ ਛੇਤੀ ਬੰਦ ਕਰੇ, ਪਰ ਉਨ੍ਹਾਂ ਨੇ ਇਜ਼ਰਾਈਲ ਦੇ ਸਵੈ ਰੱਖਿਆ ਦੇ ਹੱਕ ਉੱਤੇ ਜ਼ੋਰ ਨਹੀਂ ਦਿੱਤਾ, ਜਿਸ ਦਾ ਜ਼ਿਕਰ ਅਮਰੀਕੀ ਰਾਸ਼ਟਰਪਤੀ ਜੋਅ ਬਾਈਡੇਨ ਤੋਂ ਲੈ ਕੇ ਹੋਰ ਸੀਨੀਅਰ ਅਮਰੀਕੀ ਅਧਿਕਾਰੀਆਂ ਦੇ ਬਿਆਨਾਂ ਵਿੱਚਹੁੰਦਾ ਹੈ। ਅਮਰੀਕੀ ਅਧਿਕਾਰੀਆਂ ਮੁਤਾਬਕ ਕੱਟੜਪੰਥੀ ਸੰਗਠਨ ਹਮਾਸ ਦੇ ਹਮਲੇ ਵਿਰੁੱਧ ਇਜ਼ਰਾਈਲ ਨੂੰ ਆਪਣੀਸੁਰੱਖਿਆ ਕਰਨ ਦਾ ਪੂਰਾ ਹੱਕ ਹੈ।

## ਨਵਜੋਤ ਸਿੱਧੂ ਦਾ ਫਿਰ ਸੁਖਬੀਰ ਬਾਦਲ ਵੱਲ ਨਿਸ਼ਾਨਾ: ਕਈ ਸਾਲ ਹੋ ਗਏ, ਕੋਈ ਜੁਆਬ ਨਹੀਂ ਆਇਆ

ਚੰਡੀਗੜ੍ਹ, 17 ਮਈ, (ਪੋਸਟ ਬਿਊਰੋ)- ਅਕਾਲੀ-ਭਾਜਪਾ ਸਰਕਾਰ ਦੌਰਾਨ ਸ੍ਰੀ ਗ੍ਰੰਥ ਸਾਹਿਬ ਦੀ ਬੇਅਦਬੀ ਵਾਲੇ ਕੇਸ ਅਤੇ ਬਹਿਬਲ ਕਲਾਂ ਅਤੇ ਕੋਟਕਪੂਰਾ ਗੋਲੀ ਕਾਂਡ ਕੇਸ ਵਿਚ ਕਾਂਗਰਸ ਦੇ ਵਿਧਾਇਕ ਨਵਜੋਤ ਸਿੰਘ ਸਿੱਧੂ ਨੇ ਅੱਜ ਫਿਰ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲ ਇੱਕ ਹੋਰ ਤਿੱਖਾ ਨਿਸ਼ਾਨਾ ਸਾਧਿਆ ਹੈ।



ਟਵਿੱਟਰ ਉੱਤੇ ਇਕ ਵੀਡੀਓ ਸ਼ੇਅਰ ਕਰ ਕੇ ਨਵਜੋਤ ਸਿੰਘ ਸਿੱਧੂ ਨੇ ਅੱਜ ਜਿੱਥੇ ਬਾਦਲਾਂ ਨੂੰ ਲਲਕਾਰਿਆ, ਉਥੇ ਇਹ ਵੀ ਲਿਖਿਆ ਕਿ 'ਮੈਂ 6 ਨਵੰਬਰ 2018 ਤੋਂ ਬਾਦਲਾਂ ਨੂੰ ਚੁਣੌਤੀ ਦੇ ਰਿਹਾ ਹਾਂ ਕਿ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਕੇਸਬਾਰੇ ਸਾਫ ਦੱਸਣ, ਉਨ੍ਹਾਂ(ਬਾਦਲਾਂ) ਉੱਤੇਲੱਗੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀ ਸਾਜ਼ਿਸ਼ ਵਿਚ ਸ਼ਾਮਲ ਹੋਣ ਦੇ ਦੋਸ਼ਾਂ ਦੀ ਸਫ਼ਾਈ ਦੇਣ, ਉਹ ਡੇਰਾ ਸਾਧ ਨੂੰ ਵੋਟ ਬੈਂਕ ਦੀ ਰਾਜਨੀਤੀ ਲਈ ਵਰਤਦੇ ਸਨ।'ਸਿੱਧੂਨੇ ਜਾਰੀ ਕੀਤੀ ਇਕ ਪੁਰਾਣੀ ਵੀਡੀਓ ਵਿਚ ਸੁਖਬੀਰ ਸਿੰਘ ਬਾਦਲ ਨੂੰ ਬਰਗਾੜੀ ਵਿਖੇ ਸਾਂਝਾ ਧਰਨਾ ਦੇਣ ਨੂੰਕਿਹਾਹੋਇਆ ਸੀ। ਅੱਜ ਨਵਜੋਤ ਸਿੰਘਸਿੱਧੂ ਨੇ ਕਿਹਾ ਕਿ 'ਪੰਥ ਲਈ ਬੇਅਦਬੀ ਕੇਸ ਬਹੁਤ ਵੱਡਾ ਹੈ। ਸੁਖਬੀਰ ਸਿੰਘ ਬਾਦਲ ਬਰਗਾੜੀ ਵਿਖੇ ਧਰਨਾ ਦੇ ਕੇ ਦੱਸਣ ਕਿ ਡੇਰਾ ਸੱਚਾ ਸੌਦਾਦੇ ਮੁਖੀ ਦੀ 'ਐੱਮ ਐੱਸ ਜੀ' (ਮੈਸੈਂਜਰ ਆਫ ਗਾਡ) ਫਿਲਮ ਪੰਜਾਬ ਵਿਚ ਕਿਵੇਂ ਰਿਲੀਜ਼ ਹੋਈ ਤੇ ਡੇਰਾ ਮੁਖੀ ਨੂੰ ਮੁਆਫ਼ੀ ਕਿਵੇਂ ਮਿਲ ਗਈ।ਸਿੱਧੂ ਨੇ ਕਿਹਾ ਕਿ ਇਨ੍ਹਾਂ ਤੱਥਾਂ ਬਾਰੇ ਸੁਖਬੀਰ ਸਿੰਘ ਬਾਦਲ ਦਾ ਕੀ ਕਹਿਣਾ ਹੈ, ਕਈ ਸਾਲ ਹੋ ਗਏ, ਉਨ੍ਹਾਂਦਾ ਕੋਈ ਜੁਆਬ ਨਹੀਂ ਆਇਆ।


NOW HIRING !!! ALLKIND INSURANCE
- Life Insurance
- Critical illness Ins
- Travel & Visitor Ins
- RESP & TFSA & RRSP
- Super Visa Insurance
- Mortgage Insurance
- Disability Insurance
- Funeral Insurance
SIMRAN SAINI 416.994.7272
www.allkindinsurance.com

INSURANCE
- Home
- Auto
- Business
- Trucking
- Life Insurance
- Commercial
647-206-2452 Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
- Super visa Insurance
- Life & Disability
- Critical illness
- RESP
- Visitor & Travel insurance
(416-845-1352) Manwinder Mangat Broker
Axael InsuranceBrokers Ltd. 1332 Khalsa Dr, Unit # 11, Mississauga, ON L5S 0A2

Royal Pest Control
Residential Commercial Industrial
Specialist in Bedbugs Service
All Pest Control :
Mouse & Rats, Spiders & Fleas, Bedbugs, Wasps, Cockroaches, Carpenter Ants, Silver Fish, Racoons
Call : PARESH PATEL (Government Approved Licensed Technician)
416 938 4598

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
ਕਰਜ਼ੇ ਦੀ ਸਿਰਦਰਦੀ ?
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

HELPING YOU PLAN TODAY...FOR TOMORROW
- Supervisa / Visitor Insurance
- Life /Mortgage/Funeral Insurance
- Disability Insurance
- Critical Illness Insurance
- RESP /RRSP
www.ufsinsurance.com
JATINDERBIR S BAJWA Insurance Broker
Dir:647-928-4990
# 25-831 Bovaird Dr. W. Brampton, ON L6X0T9 | www.ufsinsurance.com

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
Aman Sharma Open Saturday
25 Cherrycrest Drive, Unit # 6 Brampton, ON, L6P 3W4
Providing excellent quality legal services to our clients

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
Cell: 416-841-4218 Tel: 905-216-5563
The Mortgage Centre | AvonFinancial Inc. Brokerage Lic. 12538
Harpreet Singh Goraya Principal Broker (Lic.# M12000607)
831 Bovaird Dr. West, Unit 25, Brampton, ON L6X 0T9 Fax : 905-216-0392

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE | A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com


KELLEY LAW OFFICE
- Immigration
- Family Law
- Corporate
- Real Estate
- Business Closing
- Wills & Estate
- Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ।
1200 Derry Road E, #15, Mississauga, ON L5T 0B3
Shinder Kelley Barrister, Solicitor & Notary Public
905-362-0755

PEST PROBLEM ? Residential & Commercial
All Pest Control
MICE, COCKROACH, BEDBUG & ALL COMMON BUGS
100% Customer Satisfaction
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill Certified & Licensed Exterminator

MANN LAW FIRM
- Real Estate Law
- Wills & Estates
- Power of Attorney
- Affidavits Notarization / Declaration
- Business Law
- Family Law
- Civil Litigation
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor


NOW HIRING
U.S. CROSS BORDER
SINGLES & TEAMS
AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED Logistics Inc.
LIGHT SPEED Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


NATION-WIDE TALK,
TEXT & DATA PLAN
10GB
$50/mo.
chatr™
AUTHORIZED DEALER
379 Main St. North, Brampton | 905-451-0379
2456 Lake shore Blvd West, Etobicoke | 416-259-3654
Offer subject to change without notice. Get 10GB at 3G speed. Once you reach your 3G speed data allotment, your data speed will be reduced until your next anniversary date. Taxes extra. ™ Trademarks used under license ©2021

## ਵਿਧਵਾ ਭਰਜਾਈ ਦੇ ਖਾਤੇ ਨਾਲ ਫੋਨ ਲਿੰਕ ਕਰ ਕੇ 24 ਲੱਖ ਰੁਪਏ ਕਢਵਾ ਲਏ




ਨਵਾਂ ਸ਼ਹਿਰ, 17 ਮਈ (ਪੋਸਟ ਬਿਊਰੋ)- ਥਾਣਾ ਕਾਠਗੜ੍ਹ ਦੀ ਪੁਲਸ ਨੇ ਇੱਕ ਔਰਤ ਦੀ ਸ਼ਿਕਾਇਤ ਉੱਤੇ ਉਨ੍ਹਾਂ ਨੂੰ ਨੈਸ਼ਨਲ ਹਾਈਵੇ ਹੇਠ ਆਈ ਜ਼ਮੀਨ ਦੇ ਮੁਆਵਜ਼ੇ ਦੀ 24 ਲੱਖ ਰੁਪਏ ਰਾਸ਼ੀ ਉਨ੍ਹਾਂ ਦੇ ਦਿਓਰ ਅਤੇ ਉਸ ਦੇ ਦੋ ਪੁੱਤਰਾਂ ਵੱਲੋਂ ਆਪਣੇ ਖਾਤਿਆਂ ਵਿੱਚ ਆਨਲਾਈਨ ਟਰਾਂਸਫਰ ਕਰਨ ਦੇ ਦੋਸ਼ ਵਿੱਚ ਕੇਸ ਦਰਜ ਕੀਤਾ ਹੈ।

ਮਿਲੀ ਸੂਚਨਾ ਅਨੁਸਾਰ ਵਿਧਵਾ ਔਰਤ ਨੇ ਪੁਲਸ ਨੂੰ ਦੱਸਿਆ ਕਿ ਉਸ ਦੀ ਨੈਸ਼ਨਲ ਹਾਈਵੇ ਹੇਠ ਆਈ ਜ਼ਮੀਨ ਦੇ ਮਿਲੇ ਮੁਆਵਜ਼ੇ ਦੀ ਰਕਮ ਦਾ ਗਬਨ ਹੋਇਆ ਹੈ। ਇਸ-ਬਾਰੇ ਜਾਂਚ ਕੀਤੀ ਤਾਂ ਪਤਾ ਲੱਗਾ ਕਿ ਮੁਆਵਜ਼ੇ ਦੀ ਰਕਮ ਔਰਤ ਦੇ ਨਾਂਅ ’ਤੇ ਖੁੱਲ੍ਹੇ ਖਾਤੇ ਵਿੱਚ ਪਾਈ ਗਈ ਹੈ, ਜਿਸ ਦੇ ਕਾਗਜ਼ ਸਬੰਧਤ ਅਧਿਕਾਰੀ ਨੂੰ ਜਮ੍ਹਾ ਕਰਵਾਏ ਗਏ ਸਨ। ਦੋਸ਼ੀਆਂ ਨੇ ਉਨ੍ਹਾਂ ਦੇ ਪਛਾਣ ਪੱਤਰ ਦੀ ਗਲਤ ਵਰਤੋਂ ਕਰ ਕੇ ਬੈਂਕ ਖਾਤਾ ਖੁੱਲ੍ਹਵਾਇਆ ਤੇ ਉਸ ਨਾਲ ਆਪਣੇ ਮੋਬਾਈਲ ਨੰਬਰ ਅਟੈਚ ਕਰਵਾ ਲਏ, ਜਿਸ ਕਾਰਨ ਔਰਤ ਨੂੰ ਮੁਆਵਜ਼ੇ ਵਜੋਂ ਮਿਲੀ ਰਕਮ ਨਾਲ ਸਬੰਧਤ ਬੈਂਕ ਖਾਤੇ ਵਿੱਚ ਦੋਸ਼ੀਆਂ ਦੇ ਮੋਬਾਈਲ ਨੰਬਰ ਅਟੈਚ ਸਨ ਤੇ ਉਨ੍ਹਾਂ ਨੇ ਔਰਤ ਦੇ ਖਾਤੇ ਵਿੱਚੋਂ 24 ਲੱਖ 10 ਹਜ਼ਾਰ ਰੁਪਏ ਟਰਾਂਸਫਰ ਕਰਵਾ ਲਏ ਸਨ। ਜਦ ਔਰਤ ਨੂੰ ਇਸ ਦਾ ਪਤਾ ਲੱਗਾ ਤਾਂ ਉਸ ਨੇ ਰਿਸ਼ਤੇਦਾਰਾਂ ਦੇ ਰਾਹੀਂ ਉਨ੍ਹਾਂ ਨਾਲ ਗੱਲ ਕੀਤੀ ਤੇ ਉਸ ਵਿੱਚੋਂ 15 ਲੱਖ ਰੁਪਏ ਦੋਸ਼ੀਆਂ ਨੇ ਵਾਪਸ ਕਰ ਦਿੱਤੇ, ਜਦ ਕਿ ਅਜੇ ਵੀ ਨੌਂ ਲੱਖ 10 ਹਜ਼ਾਰ ਰੁਪਏ ਵਾਪਸ ਨਹੀਂ ਕੀਤੇ।

## ਇਨਕਮ ਟੈਕਸ ਕਮਿਸ਼ਨਰ ਦੇ ਖ਼ਿਲਾਫ਼ ਬਲਾਤਕਾਰ ਦਾ ਕੇਸ ਦਰਜ



ਨਾਗਪੁਰ, 17 ਮਈ (ਪੋਸਟ ਬਿਊਰੋ)- ਮਹਾਰਾਸ਼ਟਰ ਦੇ ਨਾਗਪੁਰ ਜ਼ਿਲ੍ਹੇ ਵਿੱਚ ਇਨਕਮ ਟੈਕਸ ਵਿਭਾਗ ਦੇ ਕਮਿਸ਼ਨਰ ਦੇ ਖ਼ਿਲਾਫ਼ ਪੁਲਸ ਨੇ ਬਲਾਤਕਾਰ ਦੇ ਦੋਸ਼ ਹੇਠਕੇਸ ਦਰਜ ਕੀਤਾ ਹੈ।

ਅਧਿਕਾਰੀਆਂ ਨੇ ਦੱਸਿਆ ਕਿ ਇੱਕ ਮਹਿਲਾ ਡਾਕਟਰ ਨੇ ਇਨਕਮ ਟੈਕਸ ਕਮਿਸ਼ਨਰ ਉਤੇ ਸ਼ਾਦੀ ਦਾ ਭਰੋਸਾ ਦੇ ਕੇ ਬਲਾਤਕਾਰਕਰਨ ਅਤੇ ਗਰਭਪਾਤ ਲਈ ਮਜਬੂਰਕਰਨ ਦਾ ਦੋਸ਼ ਲਾਇਆ ਹੈ। 35 ਸਾਲਾ ਕਮਿਸ਼ਨਰ ਪੁਡੂਚੇਰੀ ਦਾ ਰਹਿਣ ਵਾਲਾ ਹੈ।ਇੱਕ ਪੁਲਸ ਅਧਿਕਾਰੀ ਨੇ ਦੱਸਿਆ ਕਿ ਦੋਸ਼ੀ ਨਾਗਪੁਰ ਦੇ ਸਰਕਾਰੀ ਹਸਪਤਾਲ ਵਿੱਚ ਕੰਮ ਕਰਦੀ ਮਹਿਲਾ ਡਾਕਟਰ ਦੇ ਸੰਪਰਕ ਵਿੱਚ ਆਇਆ ਸੀ। ਉਹ ਇੱਕ ਦਿਨ ਹਸਪਤਾਲ ਵਿੱਚ ਇਲਾਜ ਲਈ ਗਿਆ ਜਿੱਥੇ ਉਸਦੀ ਦੋਸਤੀ ਮਹਿਲਾ ਡਾਕਟਰ ਨਾਲ ਹੋ ਗਈ।ਮਹਿਲਾ ਡਾਕਟਰ ਨੇ ਦੱਸਿਆ ਕਿ ਉਹ ਪ੍ਰਸ਼ਾਸਨਿਕ ਸੇਵਾ ਪ੍ਰੀਖਿਆ ਦੀ ਤਿਆਰੀ ਕਰ ਰਹੀ ਹੈ ਦੋਸ਼ੀ ਨੇ ਅਪਣਾ ਫ਼ੋਨ ਨੰਬਰ ਮਹਿਲਾ ਡਾਕਟਰ ਨੂੰ ਦੇ ਦਿੱਤਾ। ਇਸ ਦੇ ਬਾਅਦ ਦੋਸ਼ੀ ਨੇ ਮਹਿਲਾ ਨਾਲ ਸ਼ਾਦੀ ਕਰਨ ਦਾ ਭਰੋਸਾ ਦੇ ਕੇ ਉਸ ਨਾਲ ਸਰੀਰਿਕ ਸੰਬੰਧ ਬਣਾਏ ਤੇ ਉਸ ਦੀਆਂ ਅਸ਼ਲੀਲ ਤਸਵੀਰਾਂ ਖਿੱਚ ਲਈਆਂ। ਮਹਿਲਾ ਜਦੋਂ ਗਰਭਵਤੀ ਹੋ ਗਈ ਤਾਂ ਦੋਸ਼ੀ ਨੇ ਉਸ ਨੂੰਗਰਭਪਾਤ ਕਰਾਉਣ ਦੇ ਲਈ ਕਿਹਾ।ਸ਼ਾਦੀ ਦੇ ਲਈ ਕਹਿਣ ਉਤੇ ਦੋਸ਼ੀ ਨੇ ਮਹਿਲਾ ਦੀਆਂ ਤਸਵੀਰਾਂ ਨੂੰ ਸੋਸ਼ਲ ਮੀਡੀਆ ਉਤੇ ਪੋਸਟ ਕਰਨ ਦੀ ਧਮਕੀ ਵੀ ਦਿੱਤੀ।

## ਡਾਕਟਰ ਨੇ ਨਾ ਝੱਲਿਆ ਤਾਂ ਲੜਕੀ ਵੱਲੋਂ ਗਲੀ ਵਿੱਚ ਬੱਚੇ ਨੂੰ ਜਨਮ

### * ਪ੍ਰੀ-ਮੈਚਿਉਰ ਬੱਚਾ ਓਥੇ ਸੁੱਟ ਕੇ ਪਰਵਾਰ ਖਿਸਕਿਆ

ਬਲਾਚੌਰ, 17 ਮਈ (ਪੋਸਟ ਬਿਊਰੋ)- ਖੇਤਾਂ ਵਿੱਚ ਟਿਊਬਵੈਲ ਦੇ ਕਮਰੇ ਵਿੱਚ ਰਹਿੰਦੇ ਪਰਵਾਸੀ ਪਰਵਾਰ ਦੀ ਨਾਬਾਲਗ ਲੜਕੀ ਨੇ ਪ੍ਰੀ-ਮੈਚਿਓਰ (ਵਕਤ ਤੋਂ ਪਹਿਲਾਂ ਜਨਮੇ) ਬੱਚੇ ਨੂੰ ਪਿੰਡ ਬੱਛੂਆਂ ਦੀ ਗਲੀ ਵਿੱਚ ਜਨਮ ਦਿੱਤਾ ਤੇ ਬੱਚੇ ਨੂੰ ਉਥੇ ਹੀ ਸੁੱਟ ਦਿੱਤਾ। ਕਾਠਗੜ੍ਹ ਪੁਲਸ ਨੇ ਪੀੜਤ ਪਰਵਾਰ ਦੀ ਸ਼ਿਕਾਇਤ ਦੇ ਆਧਾਰ ਉੱਤੇ ਨਾਜਾਇਜ਼ ਸੰਬੰਧ ਬਣਾਉਣ ਵਾਲੇ ਪਿੰਡ ਬੱਛੂਆਂ ਦੇ ਵਿਆਹੁਤਾ ਨੌਜਵਾਨ ਖਿਲਾਫ ਕੇਸ ਦਰਜ ਕੀਤਾ ਹੈ।

ਮਿਲੀ ਜਾਣਕਾਰੀ ਅਨੁਸਾਰ ਪਰਵਾਸੀ ਪਰਵਾਰ ਦੀ ਇਸ ਨਾਬਾਲਗ ਲੜਕੀ ਨੂੰ ਰਾਤ ਪੇਟ ਵਿੱਚ ਤੇਜ਼ ਦਰਦ ਹੋਣ ’ਤੇਉਸ ਦੇ ਮਾਤਾ-ਪਿਤਾਨੇੜੇ ਰਹਿੰਦੀ ਇੱਕ ਔਰਤ ਨਾਲ ਪਿੰਡ ਬੱਛੂਆਂ ਦੇ ਮੈਡੀਕਲ ਪ੍ਰੈਕਟੀਸ਼ਨਰ ਕੋਲ ਗਏ। ਉਸ ਨੇ ਲੜਕੀ ਦੀ ਹਾਲਤ ਵੇਖ ਕੇ ਉਨ੍ਹਾਂ ਨੂੰ ਕਿਸੇ ਵੱਡੇ ਹਸਪਤਾਲ ਜਾਣ ਨੂੰ ਕਿਹਾ, ਪਰ ਗਰਭਵਤੀ ਲੜਕੀ ਨੇ ਗਲੀ ਵਿੱਚ ਹੀ ਅਧੂਰੇ ਬੱਚੇ ਨੂੰ ਜਨਮ ਦੇ ਦਿੱਤਾ ਅਤੇ ਉਹ ਪਰਵਾਰ ਸਮੇਤ ਉਥੋਂ ਚਲੀ ਗਈ। ਸਵੇਰ ਹੁੰਦਿਆਂ ਪਿੰਡ ਦੇ ਇੱਕ ਵਸਨੀਕ ਨੇ ਸਫਾਈ ਕਰਦਿਆਂ ਨਾਲੀ ਵਿੱਚ ਪਿਆ ਨਵਜੰਮਿਆਂ ਬੱਚਾ ਵੇਖਿਆ।ਪਿੰਡ ਵਾਸੀਆਂ ਵੱਲੋਂ ਪੀੜਤ ਲੜਕੀ ਅਤੇ ਉਸ ਦੇ ਪਰਵਾਰ ਨੂੰ ਪੁੱਛਣ ਉੱਤੇ ਪਿੰਡ ਬੱਛੂਆਂ ਦੇ ਵਿਆਹੁਤਾ ਨੌਜਵਾਨ ਨਾਲ ਨਾਜਾਇਜ਼ ਸੰਬੰਧਾਂ ਦਾ ਲੱਗਾ। ਇਸ ਸੰਬੰਧੀ ਪੀੜਤ ਪਰਵਾਰ ਵੱਲੋਂ ਕੀਤੀ ਸ਼ਿਕਾਇਤ ਉੱਤੇ ਇਸ ਨੌਜਵਾਨ ਖਿਲਾਫ ਕਾਠਗੜ੍ਹ ਪੁਲਸ ਨੇ ਕੇਸ ਦਰਜ ਕਰ ਲਿਆ ਹੈ।

## ਹਸਪਤਾਲ ਨੇ ਡੈਥ ਸਰਟੀਫਿਕੇਟ ਜਾਰੀ ਕੀਤਾ, ਮਰੀਜ਼ ਜ਼ਿੰਦਾ ਮਿਲਿਆ

ਕੋਲਕਾਤਾ, 17 ਮਈ (ਪੋਸਟ ਬਿਊਰੋ)- ਕੋਰੋਨਾ ਮਹਾਮਾਰੀ ਦੌਰਾਨ ਬੰਗਾਲ ਦੇ ਨਾਦੀਆ ਜ਼ਿਲ੍ਹੇ ਦੇ ਹਸਪਤਾਲ ਵਿੱਚ ਘੋਰ ਲਾਪਰਵਾਹੀ ਦਾ ਮਾਮਲਾ ਸਾਹਮਣੇ ਆਇਆ ਹੈ। ਇੱਥੇ ਨੇਤਾਜੀ ਸੁਭਾਸ਼ ਸੈਨੇਟੋਰੀਅਮ ਕੋਵਿਡ ਹਸਪਤਾਲ ਨੇ ਬੀਤੇ ਦਿਨੀਂ ਇੱਕ ਕੋਰੋਨਾ ਮਰੀਜ਼ ਨੂੰ ਮੌਤ ਦਾ ਸਰਟੀਫਿਕੇਟ ਜਾਰੀ ਕਰ ਦਿੱਤਾ, ਪਰ ਜਦੋਂ ਅੰਤਿਮ ਸੰਸਕਾਰ ਲਈ ਮੁਲਾਜ਼ਮ ਲਾਸ਼ ਲੈਣ ਹਸਪਤਾਲ ਪੁੱਜੇ ਤਾਂ ਉਹ ਆਪਣੇ ਬਿਸਤਰੇ ਉੱਤੇ ਬੈਠਾ ਸੀ।

ਇਸ ਮਰੀਜ਼ ਦੇ ਪਰਵਾਰ ਨੇ ਦੱਸਿਆ ਕਿ ਕੋਰੋਨਾ ਪਾਜ਼ੀਟਿਵ ਪਾਏ ਜਾਣ ਉੱਤੇ ਉਸ ਦੀ ਤਬੀਅਤ ਵਿਗੜਨ ਲੱਗੀ ਤਾਂ 12 ਮਈ ਨੂੰ ਦੂਸਰੇ ਹਸਪਤਾਲ ਰੈਫਰ ਕਰ ਦਿੱਤਾ ਗਿਆ। ਉਦੋਂ ਤੋਂ ਉਥੇ ਉਸ ਦਾ ਇਲਾਜ ਚੱਲ ਰਿਹਾ ਹੈ। ਪਰਵਾਰ ਨੇ ਦੱਸਿਆ ਕਿ ਸ਼ੁੱਕਰਵਾਰ ਹਸਪਤਾਲ ਵਾਲਿਆਂ ਨੇ ਦੱਸਿਆ ਕਿ ਮਰੀਜ਼ ਦੀ ਮੌਤ ਹੋ ਗਈ ਹੈ। ਸ਼ਨੀਵਾਰ ਨੂੰ ਪਰਵਾਰ ਨੂੰ ਮੌਤ ਦਾ ਸਰਟੀਫਿਕੇਟ ਵੀ ਦੇ ਦਿੱਤਾ। ਉਨ੍ਹਾਂ ਦੱਸਿਆ ਕਿ ਜਦੋਂ ਲਾਸ਼ਘਰ ਦੇ ਮੁਲਾਜ਼ਮ ਲਾਸ਼ ਲੈਣ ਹਸਪਤਾਲ ਦੇ ਵਾਰਡ ਵਿੱਚ ਪੁੱਜੇ ਤਾਂ ਉਨ੍ਹਾਂ ਨੇ ਮਰੀਜ਼ ਨੂੰ ਬਿਸਤਰੇ ਉਤੇ ਬੈਠੇ ਦੇਖਿਆ।














## ਅੱਜ ਨਾਮਾ

ਕਾਂਗਰਸ ਬੁਰੀ ਪੰਜਾਬ ਵਿੱਚ ਪਈ ਪਾਟੀ,
ਹਰ ਕੋਈ ਬੋਲਦਾ ਵੱਖ ਜਿਹੇ ਬੋਲ ਬੇਲੀ।
ਕੁਝ ਤਾਂ ਲੱਭ ਕੇ ਠੋਸ ਹਨ ਗੱਲ ਕਰਦੇ,
ਖਾਲੀ ਕਈ ਖੜਕਾਉਂਦੇ ਨੇ ਢੋਲ ਬੇਲੀ।
ਅੱਧੀ ਰਾਤ ਨੂੰ ਕਈਆਂ ਨੂੰ ਦਾਅ ਸੁੱਝਣ,
ਦੇਂਦੇ ਈ ਅੰਦਰ ਦਾ ਫੋਲਣਾ ਫੋਲ ਬੇਲੀ।
ਅੱਧੀ ਰਾਤ ਸੀ ਮੂਡ ਵਿੱਚ ਗੱਲ ਕੀਤੀ,
ਸੁਬਹਾ ਤੱਕ ਨਾ ਰਹਿੰਦੜੀ ਕੋਲ ਬੇਲੀ।
ਅੱਧੀ ਰਾਤ ਦੇ ਫੋਨਾਂ ਨਾਲ ਪੈਣ ਰੱਫੜ,
ਜਾਂਦੀ ਸੁਬਹਾ ਸੰਭਾਲੀ ਨਾ ਗੱਲ ਬੇਲੀ।
ਜੜ੍ਹੀਂ ਗੁਰੂ ਦੇ ਚੇਲੜੇ ਬਹਿਣਗੇ ਉਹ,
ਲਾ ਕੇ ਪੈੱਗ ਖਿਲਾਰਨ ਜੋ ਝੱਲ ਬੇਲੀ।

**ਤੀਸ ਮਾਰ ਖਾਂ**

# ਵਿਧਾਇਕ ਪਰਗਟ ਸਿੰਘ ਵੱਲੋਂ ਗੰਭੀਰ ਦੋਸ਼: ਕੈਪਟਨ ਅਮਰਿੰਦਰ ਮੈਨੂੰ ਧਮਕੀਆਂ ਦਿਵਾ ਰਿਹੈ



ਚੰਡੀਗੜ੍ਹ, 17 ਮਈ, (ਪੋਸਟ ਬਿਊਰੋ)- ਪੰਜਾਬ ਦੇ ਜਲੰਧਰ ਕੈਂਟ ਹਲਕੇ ਦੇ ਕਾਂਗਰਸ ਦੇਵਿਧਾਇਕ ਅਤੇ ਪਰਗਟ ਸਿੰਘ ਨੇ ਇਕ ਵਾਰ ਫਿਰ ਆਪਣੀ ਸਰਕਾਰਦੇ ਖਿਲਾਫ ਸਵਾਲ ਚੁੱਕੇ ਅਤੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਉੱਤੇ ਦੋਸ਼ ਲਾਇਆ ਹੈ ਕਿ 'ਉਹ ਮੈਨੂੰ ਧਮਕੀਆਂ ਦਿਵਾ ਰਹੇ ਹਨ।' ਪਰਗਟ ਸਿੰਘ ਨੇ ਕਿਹਾ ਕਿ 'ਮੈਂ ਬੀਤੇ ਦੋ-ਤਿੰਨ ਦਿਨਾਂ ਤੋਂ ਬੜਾ ਪਰੇਸ਼ਾਨ ਰਿਹਾ ਹਾਂ, ਕਿਉਂਕਿ ਮੈਨੂੰ ਪਿਛਲੇ ਵੀਰਵਾਰ ਤੋਂ ਧਮਕੀਆਂ ਮਿਲ ਰਹੀਆਂ ਹਨ।'

ਅੱਜ ਸੋਮਵਾਰ ਨੂੰ ਚੰਡੀਗੜ੍ਹ ਵਿਖੇ ਪ੍ਰੈੱਸ ਕਾਨਫ਼ਰੰਸ ਕਰ ਕੇ ਪਰਗਟ ਸਿੰਘ ਨੇ ਕਿਹਾ ਕਿ 'ਮੈਨੂੰ ਮੁੱਖ ਮੰਤਰੀ ਦੇ ਦਫ਼ਤਰ ਤੋਂ ਬੀਤੇ ਵੀਰਵਾਰ ਕੈਪਟਨ ਸੰਦੀਪ ਸੰਧੂ ਨੇ ਫ਼ੋਨ ਕੀਤਾ ਅਤੇ ਕਿਹਾ ਕਿ ਅਸੀਂ ਤੇਰਾ ਪੁਲੰਦਾ ਤਿਆਰ ਕਰ ਲਿਆ ਹੈ, ਤੈਨੂੰ ਠੋਕਾਂਗੇ, ਤੂੰ ਤਿਆਰ ਹੋ ਜਾ।ਅੱਗੋਂ ਮੈਂ ਵੀ ਇਸ ਸੁਨੇਹੇ ਦਾ ਪੰਜਾਬੀ ਵਿਚ ਜਵਾਬ ਦੇ ਦਿੱਤਾ ਕਿ ਮੇਰੇ ਵੱਲੋਂ ਇਹੋ ਜਵਾਬ ਮੁੱਖ ਮੰਤਰੀ ਨੂੰ ਦੇ ਦਿਓ।' ਪਰਗਟ ਸਿੰਘ ਨੇ ਕਿਹਾ: 'ਮੁੱਖ ਮੰਤਰੀ ਦੇ ਸਲਾਹਕਾਰ ਭਾਰਤ ਇੰਦਰ ਸਿੰਘ ਚਹਿਲ ਵਿਜੀਲੈਂਸ ਦੇ ਡੀਫੈਕਟੋ ਡਾਇਰੈਕਟਰ ਜਨਰਲ ਹਨ, ਜਿਸ ਵੱਲੋਂ ਇਹ ਤਾਣਾ ਬਾਣਾ ਬੁਣਿਆ ਜਾਂਦਾ ਹੈ।' ਉਨ੍ਹਾਂ ਕਿਹਾ ਕਿ ਵੀਰਵਾਰ ਫ਼ੋਨ ਆਉਣ ਮਗਰੋਂ ਉਹ ਦੋ ਤਿੰਨ ਦਿਨ ਪਰੇਸ਼ਾਨ ਰਹੇ ਕਿ ਮੇਰੇ ਨਾਲ ਇਹ ਕੀ ਕੀਤਾ ਗਿਆ ਹੈਤੇ ਅੱਜ ਪ੍ਰੈੱਸ ਸਾਹਮਣੇ ਸਾਰੀ ਗੱਲ ਰੱਖ ਦਿੱਤੀ ਹੈ। ਬੀਤੇ ਦਿਨੀਂ ਮੰਤਰੀਆਂਅਤੇ ਵਿਧਾਇਕਾਂ ਦੀ ਮੀਟਿੰਗਬਾਰੇ ਪਰਗਟ ਸਿੰਘ ਨੇ ਕਿਹਾ ਕਿ 'ਅਸੀਂ ਸਾਰੇ ਰੋਜ਼ ਮਿਲਦੇ ਹਾਂ। ਜੇ ਇਹ ਜੁਰਮ ਹੈ ਤਾਂ ਮੈਂ ਮੰਨਣ ਨੂੰ ਤਿਆਰ ਹਾਂ।' ਉਨ੍ਹਾਂ ਕਿਹਾ ਕਿ'ਪਾਰਟੀ ਵਿਚੋਂ ਜੇ ਕੋਈ ਬੇਅਦਬੀ ਕੇਸ ਦੇ ਬਾਰੇ ਬੋਲੇ ਤਾਂ ਉਸ ਨਾਲ ਇਹੋਸਲੂਕਹੁੰਦਾ ਹੈ, ਮੈਨੂੰ ਨਹੀਂ ਲੱਗਦਾ ਕਿ ਏਦਾਂ ਸਾਡੇ ਵਿੱਚ ਕੋਈ ਸੁਧਾਰ ਆ ਸਕਦਾ ਹੈ।' ਉਨ੍ਹਾਂ ਕਿਹਾ ਕਿ ਇੱਕ ਸੈਕਟਰੀ ਮੈਨੂੰ ਠੋਕਣ ਦੀ ਗੱਲ ਕਰਦਾ ਹੈ ਤਾਂ ਮੈਂ ਪੂਰੀ ਤਰ੍ਹਾਂ ਤਿਆਰ ਹਾਂ। ਪਰਗਟ ਸਿੰਘ ਨੇ ਕਿਹਾ ਕਿ ਸਾਲ 2017 ਵਿੱਚ ਜਦੋਂ ਸਰਕਾਰ ਬਣੀ ਤਾਂ ਬੜੀ ਆਸ ਸੀ ਕਿ ਬੇਅਦਬੀ ਕੇਸ ਉੱਤੇ ਕੈਪਟਨ ਅਮਰਿੰਦਰ ਸਿੰਘ ਕੁਝ ਚੰਗਾ ਕਰਨਗੇ, ਪਰ ਉਹ ਖ਼ੁਦ ਹੀ ਉਲਟੇ ਰਾਹ ਪੈ ਗਏ। ਸਾਬਕਾ ਮੰਤਰੀ ਨਵਜੋਤ ਸਿੰਘ ਸਿੱਧੂਦੇ ਖ਼ਿਲਾਫ਼ ਵਿਜੀਲੈਂਸ ਜਾਂਚ ਦੀ ਚਰਚਾਬਾਰੇ ਪਰਗਟ ਸਿੰਘ ਨੇ ਕਿਹਾ: ਜੇ ਪਾਰਟੀ ਕੋਲ ਨਵਜੋਤਸਿੱਧੂਦੇ ਖ਼ਿਲਾਫ਼ ਸਬੂਤ ਸਨ ਤਾਂ ਦੋ ਸਾਲ ਉਡੀਕ ਕਿਉਂ ਕੀਤੀਤੇ ਪਹਿਲਾਂ ਸਬੂਤ ਕਿਉਂ ਨਾ ਵਿਖਾਏ। ਉਨ੍ਹਾਂ ਸਪੱਸ਼ਟ ਕਿਹਾ ਕਿ ਅੱਜ ਤੱਕ ਉਨ੍ਹਾਂ ਅਤੇ ਨਵਜੋਤ ਸਿੰਘ ਸਿੱਧੂ ਨੇ ਕਦੇ ਕੋਈ ਗਰੁੱਪ ਨਹੀਂ ਬਣਾਇਆ, ਟੀਮ ਵਿੱਚ ਰਹਿ ਕੇ ਕੰਮ ਕੀਤਾ ਹੈ। ਉਨ੍ਹਾਂ ਕਿਹਾ ਕਿ 'ਮੇਰਾ ਕਿਸੇ ਨਾਲ ਕੋਈ ਧੜਾ ਨਹੀਂ, ਮੈਂ ਸਿਰਫ਼ ਟੀਮ ਬਣਾਈ ਹੈ, ਪਰ ਜੇਏਹ ਸਲੂਕ ਮੇਰੇ ਵਰਗੇ ਖਿਡਾਰੀ ਨਾਲ ਕੀਤਾ ਜਾਂਦਾ ਹੈ ਤਾਂ ਮੇਰੇ ਕੋਲ ਵੀ ਲੜਨ ਤੋਂ ਬਿਨਾਂ ਕੋਈ ਚਾਰਾ ਨਹੀਂ।'

### ਦਿੱਲੀ ਹਾਈ ਕੋਰਟ ਨੇ ਪੁੱਛਿਆ:

## ਸਿਆਸੀ ਪਾਰਟੀਆਂ ਦੇ ਆਗੂ ਦਵਾਈਆਂ ਅਤੇ ਆਕਸੀਜਨ ਕਿੱਦਾਂ ਵੰਡ ਰਹੇ ਹਨ?




ਨਵੀਂ ਦਿੱਲੀ, 17 ਮਈ, (ਪੋਸਟ ਬਿਊਰੋ)- ਕੋਰੋਨਾ ਮਹਾਮਾਰੀ ਦੀ ਮਾਰ ਦੌਰਾਨ ਵੱਖ-ਵੱਖ ਸਿਆਸੀ ਧਿਰਾਂ ਦੇ ਆਗੂਆਂ ਵੱਲੋਂ ਦਵਾਈਆਂ ਦੀਆਂ ਜਮ੍ਹਾਂਖੋਰੀ ਕਰਨ ਦੇ ਕੇਸ ਵਿੱਚਦਿੱਲੀ ਹਾਈ ਕੋਰਟ ਨੇ ਅੱਜ ਸੋਮਵਾਰ ਸੁਣਵਾਈਦੌਰਾਨ ਗਹਿਰੀ ਨਰਾਜ਼ਗੀ ਪ੍ਰਗਟ ਕੀਤੀ ਅਤੇ ਇਸ ਬਾਰੇ ਸਖਤ ਸਵਾਲ ਪੁੱਛੇ ਹਨ।

ਹਾਈ ਕੋਰਟ ਨੇ ਪਟੀਸ਼ਨ ਉੱਤੇ ਸੁਣਵਾਈ ਦੌਰਾਨ ਕਿਹਾ ਕਿ ਸਿਆਸੀ ਆਗੂਆਂਨੂੰ ਦਵਾਈਆਂ ਦੀ ਜਮ੍ਹਾਂਖੋਰੀ ਦਾ ਕੋਈ ਅਧਿਕਾਰ ਹੀ ਨਹੀਂ। ਕੋਰਟ ਨੇ ਕਿਹਾ ਕਿ ਭਾਜਪਾ ਪਾਰਲੀਮੈਂਟ ਮੈਂਬਰ ਗੌਤਮ ਗੰਭੀਰ ਨੂੰ ਇੰਨੀ ਵੱਡੀ ਮਾਤਰਾ ਵਿੱਚ ਕੈਮਿਸਟ ਤੋਂ ਦਵਾਈ ਦਾ ਸਟਾਕ ਕਿਵੇਂ ਮਿਲਿਆ? ਉਨ੍ਹਾਂ ਕਿਹਾ ਕਿ ਜੇ ਗੌਤਮ ਦਾ ਇਰਾਦਾ ਲੋਕ ਹਿੱਤ ਦਾ ਹੈ ਤਾਂ ਉਨ੍ਹਾਂ ਨੂੰ ਉਸੇ ਵੇਲੇ ਡਾਇਰੈਕਟਰ ਜਨਰਲ ਹੈੱਲਥ ਨੂੰ ਦੇਣਾ ਚਾਹੀਦਾ ਸੀ ਤੇ ਉਹ ਉਸ ਨੂੰ ਲੋੜਵੰਦਾਂ ਨੂੰ ਵੰਡ ਦੇਂਦੇ। ਹਾਈ ਕੋਰਟ ਨੇ ਕਿਹਾ ਕਿ ਆਗੂ ਸਰਕਾਰੀ ਹਸਪਤਾਲਾਂ ਵਿੱਚ ਵੇਰਵੇ ਲਈ ਸਿਹਤ ਸੇਵਾ ਡਾਇਰੈਕਟੋਰੇਟ ਜਨਰਲ ਨੂੰ ਸਾਰਾ ਸਾਮਾਨ ਸੌਂਪ ਦੇਣ। ਕੋਰਟ ਦਾ ਇਹ ਵੀ ਕਹਿਣਾ ਸੀ ਕਿ ਦਿੱਲੀ ਪੁਲਿਸ ਤੋਂ ਦਵਾਈਆਂ ਦੀ ਜਮ੍ਹਾਂਖੋਰੀ ਦੀ ਯੋਗ ਜਾਂਚ ਕਰਨ ਦੀ ਆਸ ਹੈ ਅਤੇ ਸਟੇਟਸ ਰਿਪੋਰਟ ਵੀ ਦਾਖਲ ਕਰਨ ਲਈ ਕਿਹਾ ਜਾਂਦਾ ਹੈ।

ਵਰਨਣ ਯੋਗ ਹੈ ਕਿ ਦਿੱਲੀ ਹਾਈ ਕੋਰਟ ਵਿੱਚ ਡਾ. ਦੀਪਕ ਸਿੰਘ ਨੇ ਪਟੀਸ਼ਨ ਦਾਇਰ ਕੀਤੀ ਸੀ ਕਿ ਕੋਰੋਨਾ ਦੀ ਮਾਰ ਦੇ ਸਿਖਰ ਉੱਤੇ ਕਈ ਆਗੂਆਂ ਨੇ ਦਵਾਈਆਂ ਵੰਡੀਆਂ ਸਨ। ਉਨ੍ਹਾਂ ਕਿਹਾ ਕਿ ਬੇਹੱਦ ਮੁਸ਼ਕਲ ਸਮੇਂਜਦੋਂ ਲੋਕਾਂ ਨੂੰ ਦਵਾਈਆਂ ਬਾਜ਼ਾਰ ਤੋਂ ਨਹੀਂ ਮਿਲਦੀਆਂ, ਓਦੋਂਆਗੂਆਂਨੂੰ ਕਿਥੋਂ ਮਿਲੀਆਂ? ਇਸ ਬਾਰੇਦਿੱਲੀ ਹਾਈ ਕੋਰਟ ਨੇਦਿੱਲੀ ਪੁਲਿਸ ਨੂੰ ਸਾਰਿਆਂ ਤੋਂ ਪੁੱਛਗਿੱਛ ਕਰ ਕੇ ਜਾਂਚ ਕਰਨ ਅਤੇ ਸਭ ਦੇ ਬਿਆਨ ਲੈਣ ਤੋਂ ਬਾਅਦ ਕ੍ਰਾਈਮ ਬ੍ਰਾਂਚ ਵੱਲੋਂ ਇਕ ਰਿਪੋਰਟ ਤਿਆਰ ਕਰ ਕੇ ਹਾਈ ਕੋਰਟ ਨੂੰ ਸੌਂਪਣ ਲਈ ਕਿਹਾ ਹੈ।

# ਕੋਰੋਨਾ ਦੇ ਵਿਰੁੱਧ ਰਣਨੀਤੀ ਵਾਲੇ ਗਰੁੱਪ ਦੇ ਚੀਫ਼ ਵਿਗਿਆਨੀ ਸ਼ਾਹਿਦ ਜਮੀਲ ਵੱਲੋਂ ਅਸਤੀਫਾ

ਨਵੀਂ ਦਿੱਲੀ, 17 ਮਈ, (ਪੋਸਟ ਬਿਊਰੋ)- ਭਾਰਤ ਵਿੱਚ ਕੋਰੋਨਾ ਨਾਲ ਲੜਾਈ ਦੇਦੌਰਾਨ ਸੀਨੀਅਰ ਵਾਇਰਾਲੋਜਿਸਟ ਸ਼ਾਹਿਦ ਜਮੀਲ ਨੇ ਕੇਂਦਰ ਸਰਕਾਰ ਦੀ ਵਿਸ਼ੇਸ਼ ਕਮੇਟੀ ਦੇ ਮੁਖੀ ਵਜੋਂ ਅਸਤੀਫਾ ਦੇ ਦਿੱਤਾ ਹੈ।

ਵਰਨਣ ਯੋਗ ਹੈ ਕਿ ਕੁਝ ਦਿਨ ਪਹਿਲਾਂ ਸ਼ਾਹਿਦ ਜਮੀਲ ਨੇ ਆਖਿਆ ਸੀ ਕਿ ਵਿਗਿਆਨੀਆਂ ਨੂੰ 'ਸਬੂਤ ਅਧਾਰਤ ਨੀਤੀ ਫੈਸਲਿਆਂ ਵੱਲ ਅੜੀਅਲ ਰੁਖ'ਝੱਲਣਾ ਪੈ ਰਿਹਾ ਹੈ।' ਬੀਤੇ ਸ਼ੁੱਕਰਵਾਰ ਆਈ ਐੱਨ ਐੱਸ ਸੀ ਓ ਜੀ (ਇੰਡੀਅਨ ਸਾਰਸ ਕੋਵਿਡ ਜੀਨੋਮਿਕਸ ਕਨਸਾਰਟੀਅਮ) ਦੀ ਬੈਠਕ ਵਿਚ ਆਏ ਅਧਿਕਾਰੀਆਂ ਵਿੱਚੋਂ ਦੋ ਨੇਦੱਸਿਆ ਕਿ ਉਸੇ ਬੈਠਕ ਵਿੱਚ ਜਮੀਲ ਨੇ ਅਸਤੀਫੇ ਦਾ ਐਲਾਨ ਕਰ ਦਿੱਤਾ ਸੀ, ਪਰ ਫੋਨ ਕਾਲ ਅਤੇ ਸੰਦੇਸ਼ਾਂ ਦਾ ਜਮੀਲ ਨੇ ਕੋਈ ਜਵਾਬ ਨਹੀਂ ਦਿੱਤਾ। ਇਕ ਅਧਿਕਾਰੀ ਨੇ ਦੱਸਿਆ ਕਿ ਜਮੀਲ ਨੇ ਅਸਤੀਫੇਦਾ ਕੋਈ ਕਾਰਨ ਨਹੀਂ ਦੱਸਿਆ। ਬੀਤੇ ਹਫ਼ਤੇ ਜਮੀਲ ਨੇ 'ਨਿਊਯਾਰਕ ਟਾਈਮਜ਼' ਵਿੱਚ ਕੋਰੋਨਾ ਵਾਇਰਸ ਦੀ ਦੂਸਰੀ ਲਹਿਰ ਬਾਰੇ ਲੇਖ ਲਿਖਿਆ ਅਤੇ ਕਿਹਾ ਸੀ, 'ਭਾਰਤ ਵਿੱਚ ਮੇਰੇ ਸਾਥੀ ਵਿਗਿਆਨੀਆਂ ਵਿਚ ਇਨ੍ਹਾਂ ਕੋਸ਼ਿਸ਼ਾਂ ਬਾਰੇ ਖ਼ਾਸ ਸਮੱਰਥਨ ਹੈ, ਪਰ ਸਬੂਤ ਅਧਾਰਤ ਨੀਤੀ ਫੈਸਲਿਆਂ ਵੱਲ ਉਨ੍ਹਾਂ ਨੂੰ ਅੜੀਅਲ ਰੁਖਝੱਲਣਾ ਪੈ ਰਿਹਾ ਹੈ। 30 ਅਪ੍ਰੈਲ ਨੂੰ 800 ਤੋਂ ਵੱਧ ਭਾਰਤੀ ਵਿਗਿਆਨੀਆਂ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਅਪੀਲ ਕੀਤੀ ਸੀ ਕਿ ਉਨ੍ਹਾਂ ਨੂੰ ਅੰਕੜੇ ਹਾਸਲ ਕਰਾਏ ਜਾਣ ਤਾਂ ਜੋ ਉਹ ਸਟੱਡੀ ਕਰ ਸਕਣ, ਅਨੁਮਾਨ ਲਾ ਸਕਣ ਤੇ ਇਸ ਵਾਇਰਸ ਦਾਕਹਿਰ ਰੋਕਣ ਦੇ ਯਤਨ ਤੇਜ਼ ਕਰ ਸਕਣ। ਉਨ੍ਹਾਂ ਕਿਹਾ ਕਿ ਭਾਰਤ ਵਿੱਚਕੋਰੋਨਾ ਕਾਬੂ ਤੋਂ ਬਾਹਰ ਹੋ ਚੁੱਕੀ ਹੈ, ਇਸ ਲਈ ਅੰਕੜਿਆਂ ਉੱਤੇ ਆਧਾਰਿਤ ਨੀਤੀ ਫੈਸਲੇ ਵੀ ਖਤਮ ਵਾਂਗ ਹਨ, ਜਿਸ ਦੀ ਮਨੁੱਖਾਂ ਨੂੰ ਜੋ ਕੀਮਤ ਚੁਕਾਉਣੀ ਪੈ ਰਹੀ ਹੈ, ਉਸ ਨਾਲ ਲੱਗਣ ਵਾਲੀ ਸੱਟ ਸਥਾਈ ਨਿਸ਼ਾਨ ਛੱਡ ਜਾਵੇਗੀ।

ਸ਼ਾਹਿਦ ਜਮੀਲ ਭਾਰਤ ਦੇ ਮੰਨੇ-ਪ੍ਰਮੰਨੇ ਵਿਗਿਆਨੀ ਹਨ, ਜੋ ਕੋਰੋਨਾ ਮਹਾਮਾਰੀਬਾਰੇ ਖੁੱਲ੍ਹਕੇ ਲਿਖਦੇ ਤੇ ਬੋਲਦੇ ਰਹੇ ਹਨ।ਉਹ ਵਾਇਰਸ ਦੇ ਫੈਲਾਅ ਨੂੰ ਸਹੀ ਤਰੀਕੇ ਨਾਲ ਨਾ ਰੋਕ ਸਕਣ ਦੀ ਤਿੱਖੀ ਆਲੋਚਨਾ ਕਰਦੇ ਰਹੇ ਅਤੇ ਦੂਸਰੀ ਲਹਿਰ ਦੌਰਾਨ ਭਾਰਤ ਵਿਚਲੇ ਹਾਲਾਤ ਤੇ ਸਰਕਾਰ ਦੀ ਭੂਮਿਕਾ ਬਾਰੇ ਖੁੱਲ੍ਹ ਕੇ ਲਿਖਿਆ ਹੈ। ਉਨ੍ਹਾਂ ਪੀਐੱਚਡੀ ਡਿਗਰੀ ਵਾਸ਼ਿੰਗਟਨ ਸਟੇਟ ਯੂਨੀਵਰਸਿਟੀ ਤੋਂ ਲਈ ਅਤੇ ਭਾਰਤ ਤੇ ਕਈ ਵਿਦੇਸ਼ੀ ਸਾਇੰਸ ਤੇ ਖੋਜ ਸੰਸਥਾਵਾਂ ਲਈ ਲੰਬਾ ਸਮਾਂ ਖੋਜ ਕਾਰਜ ਕੀਤੇ ਹਨ।ਅੱਜਕੱਲ੍ਹ ਉਹ ਅਸ਼ੋਕਾ ਯੂਨੀਵਰਸਿਟੀ ਵਿੱਚ ਸਕੂਲ ਆਫ਼ ਬਾਇਓ ਸਾਇੰਸ ਦੇ ਡਾਇਰੈਕਟਰ ਹਨ ਅਤੇ ਹੈਪੇਟਾਇਟਸ ਈ ਵਾਇਰਸ ਉੱਤੇ ਖੋਜ ਲਈ ਜਾਣੇ ਜਾਂਦੇ ਹਨ।

## ਮਮਤਾ ਸਰਕਾਰ ਦੇ ਦੋ ਮੰਤਰੀਆਂ ਸਮੇਤ ਚਾਰ ਜਣੇ ਸੀ ਬੀ ਆਈ ਵੱਲੋਂ ਨਾਰਦਾ ਕੇਸ ਵਿੱਚ ਗ੍ਰਿਫ਼ਤਾਰ



ਕੋਲਕਾਤਾ, 17 ਮਈ, (ਪੋਸਟ ਬਿਊਰੋ)- ਪੱਛਮੀ ਬੰਗਾਲ ਵਿੱਚ ਤ੍ਰਿਣਮੂਲ ਕਾਂਗਰਸ (ਟੀ ਐੱਮ ਸੀ) ਦੀ ਸਰਕਾਰ ਬਣਦੇ ਸਾਰ ਹੀ ਨਾਰਦਾ ਸਟਿੰਗ ਟੇਪ ਕੇਸ ਦੀ ਜਾਂਚ ਸੀ ਬੀ ਆਈਵੱਲੋਂ ਫਿਰ ਸ਼ੁਰੂ ਹੋ ਗਈ ਹੈ।ਇਸ ਕੇਸ ਦੇ ਦੋਸ਼ੀ ਦੋ ਮੰਤਰੀ ਫਰਹਾਦ ਹਕੀਮ, ਸੁਬਰਤੋ ਮੁਖਰਜੀ, ਟੀ ਐੱਮ ਸੀ ਵਿਧਾਇਕ ਮਦਨ ਮਿਤਰਾ ਅਤੇ ਸਾਬਕਾ ਮੰਤਰੀ ਸੋਵਨ ਚੈਟਰਜੀ ਦੇ ਘਰਅੱਜ ਸੋਮਵਾਰ ਸੀ ਬੀ ਆਈ ਨੇ ਛਾਪੇਮਾਰੀ ਕੀਤੀ ਤੇ ਇਨ੍ਹਾਂ ਚਾਰਾਂ ਨੂੰ ਆਪਣੇ ਦਫ਼ਤਰ ਲੈ ਆਈ, ਜਿੱਥੇ ਪੁੱਛ-ਗਿੱਛ ਕਰਨ ਦੇ ਬਾਅਦ ਇਨ੍ਹਾਂ ਚਾਰਆਗੂਆਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ।

ਇਸ ਦੌਰਾਨ ਮੁੱਖ ਮੰਤਰੀ ਮਮਤਾ ਬੈਨਰਜੀ ਸੀ ਬੀ ਆਈਦਫ਼ਤਰ ਪਹੁੰਚ ਗਈ ਅਤੇ ਟੀ ਐੱਮ ਸੀ ਨੇਤਾਵਾਂ ਦੀ ਗ੍ਰਿਫ਼ਤਾਰੀ ਦਾ ਵਿਰੋਧ ਕੀਤਾ।ਜਾਣਕਾਰ ਸੂਤਰਾਂ ਮੁਤਾਬਕ ਮਮਤਾ ਬੈਨਰਜੀ ਨੇ ਸੀ ਬੀ ਆਈ ਅਧਿਕਾਰੀਆਂ ਨੂੰ ਕਿਹਾ ਕਿ 'ਤੁਸੀਂ ਮੰਤਰੀਆਂ ਅਤੇ ਵਿਧਾਇਕਾਂ ਨੂੰ ਗ੍ਰਿਫ਼ਤਾਰ ਕਰ ਰਹੇ ਹੋ ਤਾਂ ਮੈਨੂੰ ਵੀ ਗ੍ਰਿਫ਼ਤਾਰ ਕਰਨਾ ਪਵੇਗਾ।ਰਾਜ ਸਰਕਾਰ ਜਾਂ ਕੋਰਟ ਦੇ ਨੋਟਿਸ ਦੇ ਬਿਨਾਂ ਇਨ੍ਹਾਂ ਚਾਰਆਗੂਆਂ ਨੂੰ ਤੁਸੀਂ ਗ੍ਰਿਫ਼ਤਾਰ ਨਹੀਂ ਕਰ ਸਕਦੇ।'

ਵਰਨਣ ਯੋਗ ਹੈ ਕਿ ਨਾਰਦ ਟੀ ਵੀ ਨਿਊਜ਼ ਚੈਨਲ ਵੱਲੋਂ ਮੈਥਿਊ ਸੈਮੁਅਲ ਨੇ 2014 ਵਿੱਚ ਸਟਿੰਗ ਆਪਰੇਸ਼ਨ ਕੀਤਾ ਸੀ, ਜਿਸ ਵਿਚ ਤ੍ਰਿਣਮੂਲ ਕਾਂਗਰਸ ਦੇ ਮੰਤਰੀ, ਪਾਰਲੀਮੈਂਟ ਮੈਂਬਰ ਤੇ ਵਿਧਾਇਕ ਕਿਸੇ ਨੂੰ ਲਾਭ ਦੇਣ ਦੇ ਬਦਲੇ ਕੰਪਨੀ ਦੇ ਲੋਕਾਂ ਤੋਂ ਪੈਸੇ ਲੈਂਦੇ ਦਿੱਸਦੇ ਸਨ। ਇਹ ਟੇਪ ਪੱਛਮੀ ਬੰਗਾਲ ਵਿਚ 2016 ਦੀਆਂ ਅਸੈਂਬਲੀ ਚੋਣਾਂ ਤੋਂ ਪਹਿਲਾਂ ਜਨਤਕ ਹੋਈ ਸੀ। ਕਲਕਤਾ ਹਾਈ ਕੋਰਟ ਨੇ ਸਟਿੰਗ ਆਪਰੇਸ਼ਨ ਬਾਰੇ ਮਾਰਚ 2017 ਵਿਚ ਸੀ ਬੀ ਆਈਨੂੰ ਇਸ ਸਾਰੇ ਮਾਮਲੇ ਦੀ ਜਾਂਚ ਕਰਨ ਦਾ ਹੁਕਮ ਦਿੱਤਾ ਸੀ, ਪਰ ਜਾਂਚ ਰੁਕ-ਰੁਕ ਕੇ ਚੱਲ ਰਹੀ ਹੈ।

## ਪਾਕਿਸਤਾਨ ਵਿੱਚ ਪੰਜਾਬ ਤੇ ਸਿੰਧ ਸੂਬੇ ਵਿਚਾਲੇ ਪਾਣੀ ਬਾਰੇ ਵਿਵਾਦ

ਇਸਲਾਮਾਬਾਦ, 17 ਮਈ (ਪੋਸਟ ਬਿਊਰੋ)- ਪਾਕਿਸਤਾਨ ਵਿੱਚ ਪੰਜਾਬ ਅਤੇ ਸਿੰਧ ਸੂਬੇ ਵਿੱਚ ਪਾਣੀ ਦਾ ਵਿਵਾਦ ਭੜਕ ਪਿਆ ਹੈ। ਸਿੰਧ ਸਰਕਾਰ ਨੇ ਪੰਜਾਬ ਸਰਕਾਰ ਉੱਤੇ ਨਹਿਰਾਂ ਦਾ ਪਾਣੀ ਰੋਕਣ ਦਾ ਦੋਸ਼ ਲਾਇਆ ਹੈ, ਜਿਸ ਨਾਲ ਸਿੰਧ ਦੇ ਕਿਸਾਨਾਂ ਦੀਆਂ ਫਸਲਾਂ ਖ਼ਰਾਬ ਹੋ ਗਈਆਂ ਹਨ।

ਇਸ ਬਾਰੇ ਸਿੰਧ ਸੂਬੇ ਦੇ ਕਿਸਾਨਾਂ ਅਤੇ ਪਾਕਿਸਤਾਨ ਪੀਪੁਲਸ ਪਾਰਟੀ (ਪੀ ਪੀ ਪੀ) ਦੇ ਵਰਕਰਾਂ ਨੇ ਚਿਤਾਵਨੀ ਦਿੱਤੀ ਹੈ ਕਿ ਉਨ੍ਹਾਂ ਦੇ ਹਿੱਸੇ ਦਾ ਪਾਣੀ ਜੇ ਰੋਕਣਾ ਬੰਦ ਨਾ ਹੋਇਆ ਤਾਂ ਉਹ ਪੰਜਾਬ ਦੀ ਸਰਹੱਦ ਉਤੇ ਧਰਨਾ ਦੇਣਗੇ।ਸਿੰਧ ਦੇ ਸਿੰਚਾਈ ਮੰਤਰੀ ਸੋਹੇਲ ਅਨਵਰ ਸਿਆਲ ਨੇ ਕਿਹਾ ਕਿ ਪੀ ਪੀ ਪੀ ਆਪਣੇ ਪ੍ਰਧਾਨ ਬਿਲਾਵਲ ਭੁੱਟੋ ਜ਼ਰਦਾਰੀ ਦੀ ਅਗਵਾਈ ਵਿੱਚ ਸਿੰਧ-ਪੰਜਾਬ ਸਰਹੱਦ ਉਤੇ ਧਰਨਾ ਦੇਵੇਗੀ। ਸਿਆਲ ਨੇ ਇਸ ਬਾਰੇ ਪੰਜਾਬ ਦੇ ਮੁੱਖ ਮੰਤਰੀ ਉਸਮਾਨ ਬੁਜਦਾਰ ਵੱਲੋਂ ਸਾਰੀਆਂ ਨਹਿਰਾਂ ਵਿੱਚ ਸੁਧਾਰ ਕਾਰਜਾਂ ਲਈ ਪਾਣੀ ਰੋਕਣ ਦੀ ਨਿੰਦਾ ਕੀਤੀ ਤੇ ਕਿਹਾ ਕਿ ਸਾਡੀ ਪਾਰਟੀ ਸੂਬਾ ਵਿਧਾਨ ਸਭਾ ਵਿੱਚ ਇਸ ਬਾਰੇ ਮਤਾ ਲਿਆਏਗੀ ਅਤੇ ਫਿਰ ਮਾਮਲਾ ਨੈਸ਼ਨਲ ਅਸੈਂਬਲੀ ਵਿੱਚ ਚੁੱਕੇਗੀ।ਸਿਆਲ ਤੇ ਸਿੰਧ ਦੇ ਸੂਚਨਾ ਮੰਤਰੀ ਸੈਯਦ ਨਾਸਿਰ ਹੁਸੈਨ ਸ਼ਾਹ ਨੇ ਦੋਸ਼ ਲਾਇਆ ਕਿ ਪੰਜਾਬ ਵਿੱਚ ਚਸ਼ਮਾ-ਜੇਹਲਮ ਅਤੇ ਤੌਂਸਾ-ਪੰਜਨਦ ਲਿੰਕ ਨਹਿਰ ਤੋਂ ਪਾਣੀ ਦੀ ਚੋਰੀ ਦਾ ਕਈ ਵਾਰ ਵਿਰੋਧ ਕਰਨ ਦੇ ਬਾਵਜੂਦ ਇਸ ਨੂੰ ਬੰਦ ਨਹੀਂ ਕੀਤਾ ਗਿਆ।

ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ

Join and Represent Us

- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS

Your Travel Safety
Our Priority

JF Insurance Agency Group Inc.

Specialized in Hospital and Medical Insurance for Visitors, Canadian Travellers and International Students since 1992

905-707-1512
905-707-1513
Molly@jfgroup.ca
Toronto Head Office: 15 wertheim court # 501 Richmond Hill, ON L4B 3H7

REXDALE BODY SHOP
USED CAR SALE
Specialization In:
★ All Kinds of Body Work
★ Auto Glass Windshield
★ Denting, Painting & Welding
SPECIAL PAINT JOB $779
RENTAL CAR PROVIDED
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
25 years of Canadian Experience
OPEN MON - SAT 9AM TO 7PM
CHEEMA
LOWEST PRICE IN TOWN
Call Rick or Manminder Cheema: 416.749.9596 / 416.951.6431
Towing Service Car Paint Starts $799* upto 100% Deductible Paid*
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com

NEED A LAWYER ??
KAUR LAW OFFICE
Red Seal NOTARY

REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

IMMIGRATION
- Skilled Worker Category
- Spousal & Family Sponsorship
- Student Permits Visa & Renewals
- PR Renewal/ Citizenship Application

FAMILY LAWYER
- Child & Spousal support
- Custody & Access
- Divorce
- Equalization

BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits

WILLS & ESTATE
- Wills
- Certificate of Estate Trustee with/without Will
- Power of attorney for Property & Personal Care

MANJEET KAUR
LL.B., (London UK)
Barrister, Solicitor & Notary Public
Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

Grand Upholstery Ltd
Sofa Company Originality in Every Piece
Special on Sale
- ਪੁਰਾਣੇ ਸੋਫਿਆਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ
- ਟੌਪ ਕੁਆਲਿਟੀ ਦੀ ਫੋਮ ਅਤੇ ਸਪਰਿੰਗ ਵਰਤੇ ਜਾਂਦੇ ਹਨ।
- ਆਪਣੀ ਮਨਪਸੰਦ ਦਾ ਕੋਈ ਵੀ L Shape ਡਿਜਾਇਨ ਅਤੇ ਰੰਗ ਚੁਣ ਸਕਦੇ ਹੋ।
- ਕੱਪੜਾ ਚਾੜ ਕੇ ਪੁਰਾਣਾ ਸੋਫਾ, ਡਾਇਨਿੰਗ ਚੇਅਰ ਨੂੰ ਨਵਿਆਂ ਵਰਗਾ ਬਣਾਉਂਦੇ ਹਾਂ

ਆਰਡਰ ਦੇ ਕੇ ਨਵੇਂ ਸੋਫੇ ਦੂਜੇ ਸਟੋਰਾਂ ਨਾਲੋ ਘੱਟ ਕੀਮਤ ਉੱਤੇ ਵੀ ਲੈ ਸਕਦੇ ਹੋ
ਕੁਆਲਿਟੀ ਮੂਹੋਂ ਬੋਲਦੀ ਹੈ
Tel: 905.791.2888 Cell: 647.293.3212
2053 williams Pkwy unit #45, Brampton, ON L6S 5T4 Email: grandupholsery@gmail.com

# 15 ਦਿਨਾਂ ਵਿੱਚ 13 ਲੋਕਾਂ ਦੀ ਮੌਤ ਪਿੱਛੋਂ ਅਜਨੌਦਾ ਪਿੰਡ ਦੇ ਲੋਕਾਂ ਵੱਲੋਂ ਪਿੰਡ ਦੇ ਭਲੇ ਦੇ ਫੈਸਲੇ

### *ਜਦੋਂ ਤੱਕ ਕੋਰੋਨਾ ਹੈ, ਨਾ ਵਿਆਹ ਹੋਵੇਗਾ, ਨਾ ਭੋਗ ਪਵੇਗਾ

ਪਟਿਆਲਾ, 17 ਮਈ (ਪੋਸਟ ਬਿਊਰੋ)- ਨਾਭਾ ਨੇੜਲੇ ਪਿੰਡ ਅਜਨੌਦਾ ਵਿੱਚ 15 ਦਿਨਾਂ ਵਿੱਚ 13 ਲੋਕਾਂ ਦੀ ਮੌਤ ਹੋਣ ਤੋਂ ਬਾਅਦ ਲੋਕਾਂ ਨੇ ਫੈਸਲਾ ਕੀਤਾ ਹੈ ਕਿ ਜਦੋਂ ਤਕ ਕੋਰੋਨਾ ਹੈ, ਉਦੋਂ ਤਕ ਪਿੰਡ ਵਿੱਚ ਨਾ ਕਿਸੇ ਦਾ ਵਿਆਹ ਕਰਾਂਗੇ ਅਤੇ ਨਾ ਕੋਈ ਵਿਅਕਤੀ ਸਿੰਘੂ ਬਾਰਡਰਦੇ ਧਰਨੇ ਵਿੱਚ ਹੀ ਜਾਵੇਗਾ ਅਤੇ ਮੌਤ ਹੋਣ ਉੱਤੇ ਭੋਗ ਗੁਰਦੁਆਰਾ ਸਾਹਿਬ ਵਿੱਚ ਨਹੀਂ ਪਾਇਆ ਜਾਵੇਗਾ, ਸਿਰਫ ਸੁਖਮਨੀ ਸਾਹਿਬ ਦਾ ਪਾਠ ਹੋਵੇਗਾ।




ਇਸ ਸੰਬੰਧ ਵਿੱਚ ਗੁਰਦੁਆਰਾ ਸਾਹਿਬ ਤੋਂ ਅਨਾਊਂਸਮੈਂਟ ਕਰਵਾਈ ਗਈ ਹੈ ਕਿ ਕਿਸੇ ਅਣਜਾਣ ਵਿਅਕਤੀ ਦੇ ਪਿੰਡ ਵਿੱਚ ਆਉਣ ਤੋਂ ਪਹਿਲਾਂ ਉਸ ਦੀ ਜਾਣਕਾਰੀ ਇਕੱਠੀ ਕੀਤੀ ਜਾਵੇ। ਲੋਕਾਂ ਨੇ ਰਿਸ਼ਤੇਦਾਰਾਂ ਨੂੰ ਕਹਿ ਦਿੱਤਾ ਹੈ ਕਿ ਛੋਟੀ-ਮੋਟੀ ਪਰੇਸ਼ਾਨੀ ਹੋਣ ਉੱਤੇ ਪਿੰਡ ਨਾ ਆਉਣ, ਫੋਨ ਉੱਤੇ ਹਾਲਚਾਲ ਪੁੱਛ ਲੈਣ। ਪਿੰਡ ਦੇ ਐਂਟਰੀ ਪੁਆਇੰਟਾਂ ਉੱਤੇ ਬੈਨਰ ਲਾਏ ਜਾਣਗੇ ਕਿ ਬਾਹਰਲੇ ਲੋਕ ਇਸ ਪਿੰਡ ਵਿੱਚ ਨਾ ਆਉਣ।

ਵਰਨਣ ਯੋਗ ਹੈ ਕਿ ਇਸ ਪਿੰਡ ਵਿੱਚ 15 ਦਿਨਾਂਦੌਰਾਨ 13 ਲੋਕਾਂ ਦੀ ਮੌਤ ਹੋਈ ਹੈ। ਇਨ੍ਹਾਂ ਵਿੱਚ ਤਿੰਨ ਪੁਲਸ ਮੁਲਾਜਮ ਤੇ ਦਸ ਔਰਤਾਂ ਸ਼ਾਮਲ ਹਨ। ਇਨ੍ਹਾਂ ਵਿੱਚੋਂ ਪੰਜ ਜਣੇ ਪਾਜ਼ੀਟਿਵ ਸਨ ਅਤੇ ਬਾਕੀਆਂ ਨੇ ਟੈਸਟ ਨਹੀਂ ਕਰਾਇਆ ਸੀ। ਮ੍ਰਿਤਕਾਂ ਦੀ ਉਮਰ 45 ਤੋਂ ਸੱਤਰ ਸਾਲ ਦੇ ਵਿਚਾਲੇ ਸੀ। ਪੰਜ ਮਰੀਜ਼ਾਂ ਦੇ ਕੋਰੋਨਾ ਪੀੜਤ ਹੋਣ ਦਾ ਪਤਾ ਉਸ ਸਮੇਂ ਲੱਗਾ, ਜਦੋਂ ਉਨ੍ਹਾਂ ਨੂੰ ਹਸਪਤਾਲ ਵਿੱਚ ਦਾਖਲ ਕਰਾਇਆ ਗਿਆ। ਜ਼ਬਰਦਸਤੀ ਹਸਪਤਾਲ ਲਿਜਾਣ ਦੇ ਡਰ ਕਾਰਨ ਕਿਸੇ ਨੇ ਟੈਸਟ ਨਹੀਂ ਕਰਵਾਇਆ। ਲੋਕਾਂ ਨੇ ਟੀਕਾ ਵੀ ਨਹੀਂ ਲਗਵਾਇਆ। ਪਿੰਡ ਦੀ ਆਬਾਦੀ 2200 ਦੇ ਲਗਭਗ ਹੈ। ਇੱਥੇ ਚਾਰ ਜਣੇ ਕੋਰੋਨਾ ਪਾਜ਼ਿਟਿਵ ਹਨ ਅਤੇ ਘਰਾਂ ਵਿੱਚ ਕੁਆਰੰਟਾਈਨ ਹਨ। ਪਿੰਡ ਦੇ ਲੋਕ ਦੱਸਦੇ ਹਨ ਕਿ ਦੁੱਧ ਤੇ ਸਬਜ਼ੀ ਤੋਂ ਲੈ ਕੇ ਰੋਜ਼ਾਨਾ ਵਰਤੋਂ ਦੀ ਹਰ ਚੀਜ਼ ਪਿੰਡ ਵਿੱਚ ਮਿਲਦੀ ਹੈ। ਇਸ ਲਈ ਉਨ੍ਹਾਂ ਨੂੰ ਸ਼ਹਿਰ ਜਾਣ ਦੀ ਜ਼ਰੂਰਤ ਨਹੀਂ ਹੈ। ਕੋਰੋਨਾ ਨਾਲ ਸਥਿਤੀ ਗੰਭੀਰ ਹੈ ਅਤੇ ਹਰ ਸਾਵਧਾਨੀ ਵਰਤੀ ਜਾਵੇਗੀ।

ਪਿੰਡ ਦੇ ਸਰਪੰਚ ਤਰਨਵੀਰ ਸਿੰਘ ਤੇ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਗੁਰਨਾਮ ਸਿੰਘ ਨੇ ਦੱਸਿਆ ਕਿ ਪਹਿਲਾਂ ਲੋਕ ਕੋਰੋਨਾ ਨੂੰ ਗੰਭੀਰਤਾ ਨਾਲ ਨਹੀਂ ਲੈ ਰਹੇਸਨ, ਪਰ ਅੱਜਕੱਲ੍ਹ ਮਾਹੌਲ ਬਦਲਿਆ ਹੈ। ਮੌਤਾਂ ਹੋਣ ਕਾਰਨ ਪਿੰਡ ਦੇ ਸਿਹਤ ਕੇਂਦਰ ਵਿੱਚ ਕੋਵਿਡ ਟੈਸਟ ਕੈਂਪ ਲਾਇਆ ਹੈ। ਸਿਵਲ ਸਰਜਨ ਡਾਕਟਰ ਸਤਿੰਦਰ ਸਿੰਘ ਨੇ ਦੱਸਿਆ ਕਿ ਪਿੰਡ ਵਿੱਚ ਸ਼ਨੀਵਾਰ ਕੈਂਪ ਲਾ ਕੇ 120 ਲੋਕਾਂ ਦਾ ਕੋਰੋਨਾ ਟੈਸਟ ਕੀਤਾ ਗਿਆ। ਖੇਤੀ ਕਾਨੂੰਨਾਂ ਖਿਲਾਫ ਲੱਗੇ ਧਰਨੇ ਵਿੱਚ ਸ਼ਾਮਲ ਹੋਣ ਲਈ ਇੱਥੋਂ ਸੱਤ-ਸੱਤ ਵਿਅਕਤੀ ਲੜੀਵਾਰ ਇੱਕ ਹਫਤੇ ਬਾਅਦ ਜਾ ਰਹੇ ਸਨ। ਪਿੰਡ ਵਾਸੀ ਦੱਸਦੇ ਹਨ ਕਿ ਜਿਨ੍ਹਾਂ ਲੋਕਾਂ ਦੀ ਮੌਤ ਹੋਈ ਉਹ ਸਿੰਘੂ ਬਾਰਡਰ ਉੱਤੇ ਨਹੀਂ ਗਏ ਸਨ, ਪਰ ਉਨ੍ਹਾਂ ਦੇ ਪਰਵਾਰ ਦੇ ਮੈਂਬਰ ਧਰਨੇ ਵਿੱਚ ਜਾ ਕੇ ਸ਼ਾਮਲ ਹੁੰਦੇ ਰਹੇ ਹਨ, ਪਰ ਅੱਜਕੱਲ੍ਹ ਉਥੇ ਜਾਣ ਉੱਤੇ ਰੋਕ ਲਗਾਈ ਗਈ ਹੈ।

# ਕੋਰੋਨਾ ਨਾਲ ਮਰੇ ਵਿਅਕਤੀ ਦੇ ਪਰਵਾਰ ਵੱਲੋਂ ਲਾਸ਼ ਲੈਣ ਤੋਂ ਇਨਕਾਰ

ਜਲੰਧਰ, 17 ਮਈ (ਪੋਸਟ ਬਿਊਰੋ)- ਕੋਵਿਡ ਪ੍ਰਭਾਵਿਤ ਵਿਅਕਤੀ ਦੇ ਪਰਵਾਰ ਵੱਲੋਂ ਮ੍ਰਿਤਕ ਦੀ ਲਾਸ਼ ਲੈਣ ਤੋਂ ਨਾਂਹ ਕਰਨ ਉੱਤੇ ਪ੍ਰਸ਼ਾਸਨ ਦੇ ਕਹਿਣ ਉੱਤੇ ਪ੍ਰਬੰਧਕ ਕਮੇਟੀ ਬਾਬਾ ਦਾਦਾ ਮੱਲ ਸ਼ਮਸ਼ਾਨ ਘਾਟ ਸੁਧਾਰ ਸਭਾ ਨੇ ਕਿਸ਼ੋਰ ਯਾਦਵ (40) ਮੂਲ ਵਾਸੀ ਦਰਬੰਗਾ, ਬਿਹਾਰ ਦੇ ਸੰਸਕਾਰ ਲਈ ਪ੍ਰਬੰਧ ਕੀਤੇ ਹਨ।



ਡਿਪਟੀ ਕਮਿਸ਼ਨਰ ਘਨਸ਼ਿਆਮ ਥੋਰੀ ਨੇ ਦੱਸਿਆ ਕਿ ਮ੍ਰਿਤਕ ਨੂੰ 28 ਅਪ੍ਰੈਲ 2021 ਨੂੰ ਸਿਵਲ ਹਸਪਤਾਲ ਦਾਖ਼ਲ ਕਰਵਾਇਆ ਤਾਂ ਉਸ ਦੀ ਜਾਂਚ ਰਿਪੋਰਟ ਕੋਵਿਡ ਪਾਜੀਟਿਵ ਆਈ ਸੀ। ਉਨ੍ਹਾਂ ਦੱਸਿਆ ਕਿ ਅਗਲੇ ਦਿਨ ਮਰੀਜ਼ ਦੀ ਕੋਰੋਨਾ ਵਾਇਰਸ ਕਰਕੇ ਮੌਤ ਹੋ ਗਈ ਤਾਂ ਉਸਦੀ ਮ੍ਰਿਤਕ ਦੇਹ ਮੁਰਦਾ ਘਰ ਵਿੱਚਰੱਖੀ ਸੀ, ਪਰ ਕੋਈ ਉਸਦੀ ਲਾਸ਼ ਲੈਣ ਨਹੀਂ ਆਇਆ ਸੀ। ਥੋਰੀ ਨੇ ਦੱਸਿਆ ਕਿ ਪੁਲਸ ਅਧਿਕਾਰੀਆਂ ਨੇ ਮ੍ਰਿਤਕ ਦੇ ਪਰਵਾਰ ਨੂੰ ਲੱਭ ਕੇ ਉਨ੍ਹਾਂ ਨਾਲ ਸੰਪਰਕ ਕੀਤਾ ਤਾਂ ਉਨ੍ਹਾਂ ਨੇ ਲਾਸ਼ ਲੈਣ ਤੋਂ ਇਨਕਾਰ ਕਰ ਦਿੱਤਾ ਅਤੇ ਮੈਡੀਕਲ ਪ੍ਰੋਟੋਕਾਲ ਅਨੁਸਾਰ ਅੰਤਿਮ ਸੰਸਕਾਰ ਕਰਨ ਦੀ ਬੇਨਤੀ ਕੀਤੀ। ਪਰਵਾਰਕ ਮੈਂਬਰਾਂ ਦਾ ਲਿਖਤੀ ਬਿਆਨ ਸਥਾਨਕ ਪੰਚਾਇਤ ਨੇ ਸ਼ਹਿਰੀ ਪੁਲਸ ਨੂੰ ਭੇਜਿਆ ਤਾਂ ਅਧਿਕਾਰੀਆਂ ਨੂੰ ਸਸਕਾਰ ਕਰਨ ਦੀਆਂ ਹਦਾਇਤਾਂ ਜਾਰੀ ਕੀਤੀਆਂ ਗਈਆਂ। ਐੱਸ ਡੀ ਐੱਮ ਜਲੰਧਰ-1 ਡਾ. ਜੈ ਇੰਦਰ ਸਿੰਘ ਨੇ ਦੱਸਿਆ ਕਿ ਮ੍ਰਿਤਕ ਦੇਹਸਿਹਤ ਅਥਾਰਟੀ ਵੱਲੋਂ ਪ੍ਰੋਟੋਕੋਲ ਅਨੁਸਾਰ ਡਾ. ਕਾਮਰਾਜ ਦੀ ਦੇਖ-ਰੇਖ ਵਿੱਚ ਸਿਵਲ ਹਸਪਤਾਲ ਵਿਖੇ ਲਪੇਟੀ ਗਈ ਅਤੇ ਬਾਬਾ ਦਾਦਾ ਮੱਲ ਸ਼ਮਾਸ਼ਾਨ ਘਾਟ ਲਿਆਂਦੀ ਗਈ, ਜਿੱਥੇ ਕਮੇਟੀ ਦੇ ਪ੍ਰਧਾਨ ਰਾਜੂ ਮਾਗੋ ਅਤੇ ਹੋਰਨਾਂ ਮੈਂਬਰਾਂ ਸੋਮ ਰਾਜ, ਗੁਰਦਿਆਲ ਭੱਟੀ, ਨੀਰਜ ਜੱਸਲ, ਰਾਜ ਕੁਮਾਰ ਮਹਾਜਨ ਅਤੇ ਮਾਲ ਅਫ਼ਸਰਾਂ ਦੀ ਮੌਜੂਦੀ ਵਿੱਚ ਸਨਮਾਨ ਪੂਰਵਕ ਸਸਕਾਰ ਸਬੰਧੀ ਅੰਤਿਮ ਰਸਮਾਂ ਨੂੰ ਨੇਪਰੇ ਚਾੜ੍ਹਿਆ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Gyan Singh, |
| Office Admin | Sajandeep Singh |
| Graphic Designer | Angrez Singh |
| Photographer | Kanwaljit Singh Kanwal |
| Distributer | Aman Warraich |
| Marketing: | Sajandeep Singh |


Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

Visions of Punjab
VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com
Natasha Mahal Co-Host
Iqbal Mahal Producer & Host
Serving the South Asian Community Since 1976

# ਗਗਨੇਜਾ ਤੇ ਅਰੋੜਾ ਕੇਸ ਦਿੱਲੀ ਤਬਦੀਲ ਕਰਨ ਲਈ ਐਨ ਆਈ ਏ ਵੱਲੋਂ ਸੁਪਰੀਮ ਕੋਰਟ ਵਿੱਚ ਅਰਜ਼ੀ

ਐਸ ਏ ਐਸ ਨਗਰ, 17 ਮਈ (ਪੋਸਟ ਬਿਊਰੋ)- ਲੁਧਿਆਣਾ ਵਿਖੇ ਸ਼ਿਵ ਸੈਨਾ ਆਗੂ ਅਮਿਤ ਅਰੋੜਾ ਉੱਤੇ ਗੋਲੀ ਚਲਾਏ ਜਾਣ ਅਤੇ ਆਰ ਐਸ ਐਸ ਆਗੂ ਅਤੇ ਸੇਵਾ-ਮੁਕਤ ਬ੍ਰਿਗੇਡੀਅਰ ਜਗਦੀਸ਼ ਗਗਨੇਜਾ ਦੇ ਕਤਲ ਕੇਸ ਵਿੱਚ ਕੌਮੀ ਜਾਂਚ ਏਜੰਸੀ ਐਨ ਆਈ ਏ ਨੇ ਦੋਵਾਂ ਕੇਸਾਂ ਨੂੰ ਪੰਜਾਬ ਤੋਂ ਦਿੱਲੀ ਦੀ ਅਦਾਲਤ ਵਿੱਚ ਤਬਦੀਲ ਕਰਨ ਲਈ ਸੁਪਰੀਮ ਕੋਰਟ ਵਿੱਚ ਅਰਜ਼ੀ ਦਾਇਰ ਕੀਤੀ ਹੈ, ਜਿਸ ਦੀ ਸੁਣਵਾਈ ਅਜੇ ਹੋਣੀ ਹੈ।

ਵਰਨਣ ਯੋਗ ਹੈ ਕਿ ਅਮਿਤ ਅਰੋੜਾ ਉੱਤੇ ਗੋਲੀ ਚਲਾਉਣ ਵਾਲਾ ਮਾਮਲਾ ਪਹਿਲਾਂ ਪੰਜਾਬ ਪੁਲਸ ਕੋਲ ਸੀ ਅਤੇ ਪੰਜਾਬ ਪੁਲਸ ਨੇ ਪਹਿਲਾਂ ਅਣਪਛਾਤੇ ਵਿਅਕਤੀਆਂ ਖ਼ਿਲਾਫ਼ ਇਰਾਦਾ ਕਤਲ ਦਾ ਮਾਮਲਾ ਦਰਜ ਕੀਤਾ ਸੀ, ਫਿਰ ਇਸਦੀ ਜਾਂਚ ਕੀਤੀ ਤਾਂ ਲੁਧਿਆਣਾ ਪੁਲਸ ਨੇ ਅਮਿਤ ਅਰੋੜਾ ਅਤੇ ਉਸ ਦੇ ਸਾਥੀਆਂ ਭਾਰਤੀ ਸੰਧੂ, ਓਮ ਪ੍ਰਕਾਸ਼, ਅਨੁਰਾਗ ਪੰਡਿਤ, ਸੁਮਿਤ ਕੁਮਾਰ, ਸ਼ਾਕਾ ਤੇ ਸਮਰ ਡਿਸੂਜਾ ਖ਼ਿਲਾਫ਼ ਝੂਠੀ ਸ਼ਿਕਾਇਤ ਦੇਣ ਲਈ ਕੇਸ ਦਰਜ ਕਰ ਦਿੱਤਾ ਸੀ। ਕੁਝ ਸਮੇਂ ਪਿੱਛੋਂ ਇਹ ਕੇਸ ਐਨ ਆਈ ਏ ਨੂੰ ਸੌਂਪ ਦਿੱਤਾ ਗਿਆ।



ਐਨ ਆਈ ਏ ਵੱਲੋਂ ਅਮਿਤ ਅਰੋੜਾ ਉੱਤੇ ਗੋਲੀ ਚਲਾਉਣ ਦੇ ਕੇਸ ਵਿੱਚ ਹਮਲੇ ਦੀ ਸਾਜਿਸ਼ ਰਚਣ ਵਾਲੇ ਜਗਤਾਰ ਸਿੰਘ ਜੱਗੀ ਜੌਹਲ, ਰਮਨਦੀਪ ਸਿੰਘ ਉਰਫ਼ ਕੈਨੇਡੀਅਨ ਉਰਫ਼ ਬੱਗਾ ਪਹਿਲਵਾਨ, ਧਰਮਿੰਦਰ ਸਿੰਘ ਗੁਗਨੀ ਤੇ ਅਨਿਲ ਕੁਮਾਰ ਉਰਫ਼ ਕਾਲਾ ਦੇ ਖ਼ਿਲਾਫ਼ ਕੇਸ ਦਰਜ ਕਰਨ ਪਿੱਛੋਂ ਉਨ੍ਹਾਂ ਖ਼ਿਲਾਫ਼ ਅਦਾਲਤਨੂੰ ਚਾਰਜਸ਼ੀਟ ਪੇਸ਼ ਕਰ ਦਿੱਤੀ, ਪਰ ਐਨ ਆਈ ਏ ਦੀ ਬੇਨਤੀ ਉੱਤੇ ਅਦਾਲਤ ਨੇ ਅਮਿਤ ਅਰੋੜਾ, ਭਾਰਤੀ ਸੰਧੂ, ਓਮ ਪ੍ਰਕਾਸ਼, ਅਨੁਰਾਗ ਪੰਡਿਤ, ਸੁਮਿਤ ਕੁਮਾਰ, ਸ਼ਾਕਾ ਤੇ ਸਮਰ ਡਿਸੂਜਾ ਨੂੰ ਉਸ ਕੇਸ ਵਿੱਚੋਂ ਡਿਸਚਾਰਜ ਕਰ ਦਿੱਤਾ। ਜਗਦੀਸ਼ ਗਗਨੇਜਾ ਕਤਲ ਕੇਸ ਵਿੱਚ ਐਨ ਆਈ ਏ ਨੇ ਹਰਦੀਪ ਸਿੰਘ ਸ਼ੇਰਾ, ਰਮਨਦੀਪ ਸਿੰਘ ਬੱਗਾ, ਐਨ ਆਰ ਆਈ ਜਗਤਾਰ ਸਿੰਘ ਜੱਗੀ ਜੌਹਲ, ਧਰਮਿੰਦਰ ਸਿੰਘ ਗੁਗਨੀ, ਅਮਨਿੰਦਰ ਸਿੰਘ, ਮਨਪ੍ਰੀਤ ਸਿੰਘ, ਰਵੀਪਾਲ, ਪਹਾੜ ਸਿੰਘ, ਮਲੂਕ, ਪਰਵੇਜ ਅਤੇ ਅਨਿਲ ਕਾਲਾ ਦੇ ਖ਼ਿਲਾਫ਼ ਐਨ ਆਈ ਏ ਦੇ ਵਿਸ਼ੇਸ਼ ਜੱਜ ਦੀ ਕੋਰਟ ਵਿੱਚਇੱਕ ਚਾਰਜਸ਼ੀਟ ਪੇਸ਼ ਕੀਤੀ ਅਤੇ ਇਸਵਿੱਚ ਸ਼ੇਰਾ ਅਤੇ ਬੱਗਾ ਨੂੰ ਕਤਲ ਦਾ ਦੋਸ਼ੀ ਠਹਿਰਾਇਆ ਹੈ, ਜਦੋਂ ਕਿ ਜੱਗੀ ਜੌਹਲ ਉੱਤੇ ਵਿਦੇਸ਼ ਤੋਂ ਫੰਡਿਗ ਕਰਨ ਦਾ ਦੋਸ਼ ਹੈ। ਇਸੇ ਤਰ੍ਹਾਂ ਗੁਗਨੀ ਉੱਤੇ ਹਥਿਆਰ ਪੁਚਾਉਣ ਦੇ ਦੋਸ਼ ਹਨ।

BEST CANADIAN TRUCK & FORKLIFT TRAINING CENTRE
Registered as a Private Career College Under the Private Career College Act. 2005
Best Canadian Truck & Forklift Training Centre
AZ Tractor trailer program
Manual transmission & backup training everyday
We welcome welfare workers & compensation clients
Open Seven Days
Forklift Re-Certification Only $79.00/-
Karnail Singh
416.670.3173 | 905.799.7333
27 Edvac Dr, Brampton, ON L6S 5X8

ਜ਼ਰੂਰ ਜਾਣੋ; ਗਿਆਨ ਗੰਗਾ

॥ ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ। ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ॥

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ। ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?

ਗਿਆਨ ਗੰਗਾ

ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
Sadhna : 11:00 Am - 12:00 PM
Ishwar : 10:00 Am- 11:00 AM
MH One: 4:30 AM- 5:30 AM
Lok Shahi: 8:25 AM - 9:25 AM
Nepal 1: 8:30 PM -9:30 PM
Subharti : 10:30 AM- 11:30 AM
जन तंत्र: 7:30 PM - 8:30 PM

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com
satsahibusa@gmail.com
647-739-4641
346-714-0224

KAMAL SANDHU
Sales Representative
647.891.0143
RE/MAX GOLD
realtorkamalsandhu@gmail.com
www.crearealtor.com
Looking For a Nest..? Call the Best
CLOSING IN APRIL 2021
Bedroom 4
Bathroom 2+1
Size (Sq.Ft.) 2455
Home Details 42'
FOR SALE
EXCLUSIVE FOR SALE IN WOODSTOCK
3+1 bdrms with finished Basement
EXCLUSIVE
JAMES C
CLOSING IN APRIL 2021
Bedroom 4
Bathroom 2+1
Size (Sq.Ft.) 2250
Home Details 36'
FOR SALE
Just listed for sale on MLS, 5 Sedgegrass way Brampton
KAMAL SANDHU RE/MAX GOLD REALTY INC BROKERAGE

# ਫਿਲਸਤੀਨੀ-ਇਜ਼ਰਾਈਲੀ ਹਮਲੇ ਕਿਸੇ ਵੀ ਸਮੱਸਿਆ ਦਾ ਹੱਲ ਨਹੀਂ




ਸੁਰਜੀਤ ਸਿੰਘ ਫਲੋਰਾ

ਮਈ ਮਹੀਨੇ ਈਦ ਦਾ ਪਵਿੱਤਰ ਮਹੀਨਾ ਇਸਲਾਮ ਵਿਚ ਅਮਨ ਅਮਾਨ ,ਸ਼ਾਤੀ, ਪਿਆਰ ਮੁਹੱਬਤ ਦੇ ਪੈਗਾਮ ਦਾ ਪ੍ਰਤੀਕ ਹੁੰਦਾ ਹੈ। ਪਰ ਫਿਲਸਤੀਨੀ ਅਤੇ ਇਜ਼ਰਾਈਲੀ ਵਲੋਂ ਇਕ ਦੂਸਰੇ ਤੇ ਹਮਲੇ ਕਰਕੇ ਬੇਗੁਨਾਹਾ ਦਾ ਖੂਨ ਵਹਾਇਆ ਜਾਂ ਰਿਹਾ ਹੈ। ਜੋ ਕਿਸੇ ਵੀ ਸਮੱਸਿਆ ਦਾ ਹੱਲ ਨਹੀਂ। ਇਜ਼ਰਾਈਲ ਅਤੇ ਫਲਸਤੀਨ ਵਿਚਾਲੇ ਚੱਲ ਰਹੇ ਹਿੰਸਕ ਹਵਾਈ ਹਮਲਿਆਂ ਵਿਚ ਸੋਮਵਾਰ ਤੋਂ ਗਾਜ਼ਾ ਵਿਚ 17 ਬੱਚਿਆਂ ਸਮੇਤ ਘੱਟੋ ਘੱਟ 83 ਫਿਲਸਤੀਨੀ ਮਾਰੇ ਗਏ ਹਨ। ਇਸ ਨਾਲ ਵਿਸ਼ਵ ਯੁੱਧ ਦੀ ਅੰਤਰਰਾਸ਼ਟਰੀ ਚਿੰਤਾ ਪੈਦਾ ਹੁੰਦੀ ਜਾ ਰਹੀ ਹੈ। ਦੋਵਾਂ ਦੇਸ਼ਾਂ ਦੀ ਸੁਲਾਸਲਾਮਤੀ ਲਈ , ਅਮਰੀਕੀ ਰਾਸਟਰਪਤੀ ਬਾਈਡਨ ਵਲੋਂ ੇ ਇਜ਼ਰਾਈਲੀ ਅਤੇ ਫਿਲਸਤੀਨੀ ਅਧਿਕਾਰੀਆਂ ਨਾਲ ਮੁਲਾਕਾਤ ਲਈ ਇੱਕ ਰਾਜਦੂਤ ਭੇਜਿਆ ਕੇ ਉਮੀਦ ਜ਼ਾਹਰ ਕੀਤੀ ਕਿ ਗਾਜ਼ਾ ਵਿੱਚ ਇਜ਼ਰਾਈਲ ਅਤੇ ਇਸਲਾਮੀ ਅੱਤਵਾਦੀਆਂ ਦਰਮਿਆਨ ਤਾਜ਼ਾ ਸੰਘਰਸ਼ ਜਲਦੀ ਖ਼ਤਮ ਹੋ ਜਾਵੇਗਾ। ਪਰ ਫਿਰ ਵੀ ਜੇ ਹਿੰਸਾ ਘੱਟ ਜਾਂਦੀ ਹੈ, ਇਹ /ਯਾਦ ਦਿਵਾਉਣ ਵਾਲੀ ਗੱਲ ਹੈ ਕਿ ਇਜ਼ਰਾਈਲ ਅਤੇ ਫਿਲਸਤੀਨੀਆਂ ਵਿਚਾਲੇ ਸ਼ਾਂਤੀ ਸਮਝੌਤੇ ਦੀ ਘਾਟ ਬੇਗੋਨਾਹਾਂ ਦੀਆਂ ਜਾਨਾਂ ਨਾਲ ਫਿਰ ਵੀ ਖੇਡਦੇ ਰਹਿਣਗੇ, ਅਤੇ ਖੇਤਰ ਨੂੰ ਅਸਥਿਰ ਕਰਨ ਲਈ ਜਾਰੀ ਰੱਖਣਗੇ। ਬਾਈਡਨ ਪ੍ਰਸ਼ਾਸਨ ਨੂੰ ਅਜਿਹੇ ਸਮਝੌਤੇ ਨੂੰ ਪੂਰਾ ਕਰਨ ਲਈ ਖੁਦ ਨੂੰ ਵਚਨਬੱਧ ਹੋਣਾ ਪਏਗਾ, ਜਿਸ ਨਾਲ ਇਹ ਹਰ ਸਾਲ ਜਾਂ ਆਏ ਦਿਨ ਹੋਣ ਬਾਲੇ ਦੋਨੋਂ ਦੇਸ਼ਾਂ ਵਲੋਂ ਹਮਲੇ ਸਦਾ ਲਈ ਰੋਕੇ ਜਾ ਸਕਣ। ਦੂਜੇ ਪਾਸੇ ਜੇਕਰ ਇਹਨਾਂ ਹਮਲਿਆਂ ਦਾ ਗੰਭੀਰਤਾ ਨਾਲ ਅੰਦਾਜਾ ਲਗਾਇਆ ਜਾਵੇਂ ਕਿਉਂਕਿ ਇਹ ਇਜ਼ਰਾਈਲ ਅਤੇ ਫਿਲਸਤੀਨ ਵਿਚਾਲੇ 2014 ਵਿਚ 50 ਦਿਨਾ ਯੁੱਧ ਤੋਂ ਬਾਅਦ ਦਾ ਸਭ ਤੋਂ ਮਹੱਤਵਪੂਰਨ ਟਕਰਾਅ ਹੈ, ਜੋ ਇਸਰਾਈਲ ਦੇ 1967 ਦੀ ਯੁੱਧ ਵਿਚ ਪੂਰਬੀ ਯਰੂਸ਼ਲਮ ਉੱਤੇ ਕਬਜ਼ਾ ਕਰ ਕੇ ਖ਼ਤਮ ਹੋਇਆ ਸੀ। ਇਜ਼ਰਾਈਲ ਦੀ ਸਰਕਾਰ ਹਰ ਸਾਲ ਯਰੂਸ਼ਲਮ ਦੇ ਕਬਜ਼ੇ ਦੀ ਯਾਦ ਵਿੱਚ ਇੱਕ ਸਮਾਰੋਹ ਰੱਖਦੀ ਹੈ। ਇਜ਼ਰਾਈਲੀ ਸਰਕਾਰ ਨੇ ਸਮਾਗਮ ਦੇ ਨਿਰਵਿਘਨ ਆਯੋਜਨ ਨੂੰ ਯਕੀਨੀ ਬਣਾਉਣ ਲਈ ਫਿਲਸਤੀਨੀਆਂ ਨੂੰ ਯਰੂਸ਼ਲਮ ਦੇ ਅਲ-ਅਕਸਾ ਕੰਪਲੈਕਸ ਵਿੱਚ ਦਾਖਲ ਹੋਣ 'ਤੇ ਪਾਬੰਦੀ ਲਗਾਈ ਸੀ, ਜਿਸ ਨੂੰ ਉਹ ਪਵਿੱਤਰ ਸਥਾਨ ਮੰਨਦੇ ਹਨ। ਇਸ ਵਾਬਜੂਦ ਅਲ-ਆਕਸਾ ਮਸਜਿਦ ਵਿਖੇ ਦੰਗਾਕਾਰੀਆਂ ਅਤੇ ਪੁਲਿਸ ਵਿਚਾਲੇ ਝੜਪਾਂ ਹੋਈਆਂ।

ਹਮਾਸ, ਜੋ ਗਾਜ਼ਾ ਨੂੰ ਨਿਯੰਤਰਿਤ ਕਰਦਾ ਹੈ, ਨੇ ਪਾਬੰਦੀ ਨੂੰ ਫਿਲਸਤੀਨੀ ਧਾਰਮਿਕ ਆਜ਼ਾਦੀ 'ਤੇ ਹਮਲੇ ਵਜੋਂ ਵੇਖਿਆ ਅਤੇ ਗਾਜ਼ ਪੱਟੀ ਵਿਚ ਇਸਰਾਇਲ ਨੂੰ ਆਪਣੀ ਪਦਵੀ ਤੋਂ ਨਿਸ਼ਾਨਾ ਬਣਾਉਣਾ ਸ਼ੁਰੂ ਕੀਤਾ, ਕਈ ਵਾਰ ਇਸਰਾਇਲ ਦੇ ਕਈ ਸ਼ਹਿਰਾਂ ਨੂੰ ਨਿਸ਼ਾਨਾ ਵੀ ਬਣਾਉਂਦੇ ਹਨ। ਇਸ ਦੇ ਤਹਿਤ, ਫਿਲਸਤੀਨੀ ਅੱਤਵਾਦੀਆਂ ਨੇ 10 ਮਈ ਤੋਂ 12 ਮਈ ਦੇ ਵਿਚਕਾਰ ਇਜ਼ਰਾਈਲ ਦੇ ਖੇਤਰ ਵਿੱਚ 1,500 ਰਾਕੇਟ ਸੁੱਟੇ, ਜਿਨ੍ਹਾਂ ਵਿੱਚੋਂ 200 ਰਾਕੇਟ ਇਜ਼ਰਾਈਲ ਦੇ ਰਿਹਾਇਸ਼ੀ ਇਲਾਕਿਆਂ ਵਿੱਚ ਡਿਗੇ, ਜਿਸ ਨਾਲ ਬੇਗੁਨਾਹਾਂ ਦੀਆਂ ਜਾਨਾਂ ਦੇ ਨਾਲ - ਨਾਲ ਜਾਨੀ ਮਾਲ ਦਾ ਵੀ ਭਾਰੀ ਨੁਕਸਾਨ ਹੋਇਆ। ਇਸ ਦੌਰਾਨ, ਦੇਸ਼ ਵਿੱਚ ਅੱਤਵਾਦੀ ਹਿੰਸਾ ਨੂੰ ਰੋਕਣ ਲਈ ਇਜ਼ਰਾਈਲੀ ਸਰਕਾਰ ਦੀਆਂ ਕੋਸ਼ਿਸ਼ਾਂ ਦੇ ਮੱਦੇਨਜ਼ਰ, 12 ਮਈ ਨੂੰ ਦੇਸ਼ ਦੇ ਕਈ ਹਿੱਸਿਆਂ ਵਿੱਚ ਅਰਬਾਂ ਅਤੇ ਯਹੂਦੀਆਂ ਦਰਮਿਆਨ ਦੰਗੇ ਹੋਏ ਅਤੇ ਕਈ ਪੁਲਿਸ ਅਧਿਕਾਰੀ ਜ਼ਖਮੀ ਹੋ ਗਏ। ਅਤੇ ਪੁਲਿਸ ਨੇ ਲਗਭਗ 400 ਲੋਕਾਂ ਨੂੰ ਗ੍ਰਿਫਤਾਰ ਕੀਤਾ ਹੈ ਅਤੇ ਲੱਦਾਖ ਵਿੱਚ ਐਮਰਜੈਂਸੀ ਦੀ ਘੋਸ਼ਣਾ ਕੀਤੀ ਹੈ। 1966 ਤੋਂ ਬਾਅਦ ਪਹਿਲੀ ਵਾਰ, ਇਜ਼ਰਾਈਲੀ ਸਰਕਾਰ ਨੂੰ ਆਪਣੀਆਂ ਸੰਕਟਕਾਲੀ ਸ਼ਕਤੀਆਂ ਦੀ ਵਰਤੋਂ ਅਰਬ ਭਾਈਚਾਰੇ ਦੇ ਮੈਂਬਰਾਂ ਵਿਰੁੱਧ ਕਰਨੀ ਪਈ। ਸਰਕਾਰ ਹਿੰਸਾ ਤੋਂ ਪ੍ਰਭਾਵਿਤ ਇਲਾਕਿਆਂ ਵਿੱਚ ਪੁਲਿਸ ਦੀ ਸਹਾਇਤਾ ਲਈ ਫੌਜ ਭੇਜਣ ਬਾਰੇ ਵੀ ਵਿਚਾਰ ਕਰ ਰਹੀ ਹੈ। ਇਜ਼ਰਾਈਲ ਦੇ ਪ੍ਰਧਾਨਮੰਤਰੀ ਬੈਂਜਾਮਿਨ ਨੇ ਚੇਤਾਵਨੀ ਦਿੱਤੀ ਹੈ ਕਿ "ਦੁਸ਼ਮਣ ਦੇ ਸ਼ਾਂਤ ਹੋਣ 'ਤੇ ਹੀ ਸਾਡੀ ਜਵਾਬੀ ਹਮਲੇ ਰੁਕ ਜਾਣਗੇ। ਇਹ ਸਿਰਫ ਸ਼ੁਰੂਆਤ ਹੈ। ਅਸੀਂ "ਹਮਾਸ" ਦੇ ਅੱਤਵਾਦੀਆਂ ਨੂੰ ਇਸ ਤਰੀਕੇ ਨਾਲ ਮਾਰਾਂਗੇ ਕਿ ਉਨ੍ਹਾਂ ਨੇ ਕਦੇ ਸੁਪਨਾ ਵੀ ਨਹੀਂ ਸੋਚਿਆ ਹੋਵੇਗਾ। "ਫਿਲਸਤੀਨੀ ਕਹਿੰਦੇ ਹਨ ਕਿ ਉਹ ਵੀ ਇਜ਼ਰਾਈਲ ਦਾ ਸਾਹ-ਮਣਾ ਕਰਨ ਲਈ ਪੂਰੀ ਤਰ੍ਹਾਂ ਤਿਆਰ ਹਨ। ਦੋਵਾਂ ਧਿਰਾਂ ਦਰਮਿਆਨ ਵਧ ਰਹੇ ਤਣਾਅ ਦਾ ਸਾਹ-ਮਣਾ ਕਰਦਿਆਂ, ਸੰਯੁਕਤ ਰਾਜ ਦੇ ਵਿਦੇਸ਼ ਮੰਤਰੀ ਐਂਥਨੀ ਬਲਿੰਕੇਨ ਨੇ ਕਿਹਾ ਕਿ ਉਹ ਵਿਵਾਦ ਸੁਲਝਾਉਣ ਲਈ ਵਿਸ਼ੇਸ਼ ਦੂਤ ਭੇਜਣਗੇ। ਪੂਰੀ ਦੁਨੀਆ ਦੇ ਨੇਤਾਵਾਂ ਨੇ ਦੋਵਾਂ ਪਾਸਿਆਂ ਤੋਂ ਯੁੱਧ ਨੂੰ ਤੁਰੰਤ ਖ਼ਤਮ ਕਰਨ ਦਾ ਸੱਦਾ ਦਿੱਤਾ। ਜਰਮਨੀ ਨੇ ਇਹ ਵੀ ਕਿਹਾ ਹੈ ਕਿ ਇਜ਼ਰਾਈਲ ਨੂੰ ਫਿਲਸਤੀਨੀ ਅੱਤਵਾਦੀਆਂ ਦੇ ਹਮਲਿਆਂ ਤੋਂ ਆਪਣੇ ਆਪ ਨੂੰ ਬਚਾਉਣ ਲਈ ਜਵਾਬ ਦੇਣ ਦਾ ਪੂਰਾ ਅਧਿਕਾਰ ਹੈ। ਦੂਜੇ ਪਾਸੇ, ਤੁਰਕੀ ਦੇ ਰਾਸ਼ਟਰਪਤੀ ਰੈਸੇਪ ਅਰਦੋਗਨ ਨੇ ਇਜ਼ਰਾਈਲ ਨੂੰ ਸਖ਼ਤ ਸਬਕ ਸਿਖਾਉਣ ਦੀ ਲੋੜ 'ਤੇ ਜ਼ੋਰ ਦਿੱਤਾ ਹੈ। ਇਸਲਾਮਿਕ ਵਿਦ-ਵਾਨ ਤਾਰਿਕ ਅਲ-ਫਤਾਹ ਨੇ ਕਿਹਾ, "ਹਿੰਸਾ ਕਿਸੇ ਵੀ ਸਮੱਸਿਆ ਦਾ ਹੱਲ ਨਹੀਂ ਕਰ ਸਕਦੀ, ਇਸ ਲਈ ਫਲਸਤੀਨੀਆਂ ਨੂੰ ਹਿੰਸਾ ਤਿਆਗਣੀ ਚਾਹੀਦੀ ਹੈ।" ਇਸ ਵਿਵਾਦ ਨੂੰ ਲੈ ਕੇ ਵਿਸ਼ਵ-ਵਿਆਪੀ ਬਹਿਸ ਦੇ ਵਿਚਕਾਰ, ਇੱਕ ਮਿਸਰ ਦਾ ਪ੍ਰਤੀਨਿਧੀ ਮੰਡਲ ਜੰਗਬੰਦੀ 'ਤੇ ਇਜ਼ਰਾਈਲੀ ਅਧਿਕਾਰੀਆਂ ਨਾਲ ਗੱਲਬਾਤ ਲਈ ਅਵੀਵ ਪਹੁੰਚਿਆ ਹੈ।

ਜੇ ਗੱਲਬਾਤ ਖ਼ਤਮ ਨਹੀਂ ਹੁੰਦੀ ਹੈ, ਤਾਂ ਸਥਿਤੀ ਨਿਯੰਤਰਣ ਤੋਂ ਬਾਹਰ ਹੋ ਜਾਵੇਗੀ ਅਤੇ ਇਕ ਵੱਡੀ ਲੜਾਈ ਵੱਲ ਲੈ ਜਾਏਗੀ ਜੋ ਤੀਜੀ ਵਿਸ਼ਵ ਯੁੱਧ ਦਾ ਕਾਰਨ ਬਣ ਸਕਦੀ ਹੈ। ਅਸਲ ਵਿੱਚ ਇਜ਼ਰਾਈਲ-ਫਲਸਤੀਨੀ ਸੰਘਰਸ਼ ਕਿਸ ਬਾਰੇ ਹੈ? ਅਸਲ ਵਿਚ ਫਿਲਸਤੀਨ ਇਕ ਜ਼ਮੀਨ ਦੇ ਟੁਕੜੇ ਦਾ ਨਾਮ ਹੈ, ਜਿਸ ਨੂੰ ਇਜ਼ਰਾਈਲ ਦੀ ਧਰਤੀ ਵੀ ਕਿਹਾ ਜਾਂਦਾ ਹੈ, ਜੋ ਕਿ ਇਜ਼ਰਾਈਲੀ ਯਹੂਦੀਆਂ ਅਤੇ ਫਿਲਸਤੀਨੀ ਅਰਬਾਂ ਦਾ ਘਰ ਹੈ। ਇਸ ਤਰ੍ਹਾਂ, ਖੇਤਰੀ ਤੌਰ 'ਤੇ, ਇਸਰਾਇਲ ਰਾਜ ਫਿਲਸਤੀਨ ਦੀ ਧਰਤੀ ਨਾਲ ਟਕਰਾਅ ਨਹੀਂ ਕਰ ਰਿਹਾ - ਇਹ ਫਲਸਤੀਨ ਦੀ ਧਰਤੀ ਹੈ। ਉਸੇ ਸਮੇਂ, ਖੇਤਰ ਦੇ ਅਰਬ ਆਪਣੀ ਕੌਮ ਨੂੰ ਫਿਲਸਤੀਨ ਵਜੋਂ ਦਰਸਾਉਂਦੇ ਹਨ, ਅਤੇ ਇਹ ਉਹ ਕੌਮ ਹੈ ਜਿਸ ਨਾਲ ਇਜ਼ਰਾਈਲ ਟਕਰਾਉਂਦਾ ਹੈ। ਫਲਸਤੀਨੀ ਸਰਕਾਰ ਵੀ ਅਜਿਹਾ ਰਾਜ ਲੱਭਣ ਦੀ ਇੱਛਾ ਰੱਖਦੀ ਹੈ ਜਿਸਦਾ ਨਾਮ ਫਿਲਸਤੀਨ ਰੱਖਿਆ ਜਾਵੇ, ਪਰ ਅਜਿਹਾ ਅਜੇ ਤੱਕ ਨਹੀਂ ਹੋਇਆ। ਕੁਦਰਤੀ ਤੌਰ 'ਤੇ, ਫਿਲਸਤੀਨੀ ਅਤੇ ਜ਼ੀਓਨੀਵਾਦੀ ਯਹੂਦੀ ਪਰਵਾਸੀਆਂ ਵਿਚਕਾਰ ਦੁਸ਼ਮਣੀ ਅਤੇ ਹਿੰਸਾ ਸੀ - ਦੋਵਾਂ ਪਾਸਿਆਂ ਨੂੰ ਮਹਿਸੂਸ ਹੋਇਆ ਕਿ ਇਹ ਧਰਤੀ ਉਨ੍ਹਾਂ ਦੀ ਹੈ। ਹਾਲਾਂਕਿ, ਇਹ ਦੋਵੇਂ ਲੋਕ ਅਜੇ ਵੀ ਘਾਤਕ ਟਕਰਾਅ ਦੀ ਸਥਿਤੀ ਵਿਚ ਨਹੀਂ ਸਨ, ਅਤੇ ਕੁਝ ਹੱਤਿਆਵਾਂ ਤੋਂ ਇਲਾਵਾ, ਬਹੁਤ ਸਾਰੇ ਦੋਸਤਾਨਾ ਸੰਬੰਧਾਂ ਅਤੇ ਕਾਰੋਬਾਰੀ ਦਖਲਅੰਦਾਜ਼ੀ ਦੀਆਂ ਬਹੁਤ ਸਾਰੀਆਂ ਉਦਾਹਰਣਾਂ ਸਨ, ਜਿਨ੍ਹਾਂ ਵਿਚ ਅਰਬਾਂ ਦੁਆਰਾ ਫਲਸਤੀਨ ਦੀ ਬਹੁਤ ਸਾਰੀ ਧਰਤੀ ਨੂੰ ਯਹੂਦੀਆਂ ਨੂੰ ਵੇਚਣਾ ਵੀ ਸ਼ਾਮਲ ਸੀ। ਇਸ ਸਮੱਸਿਆ ਨੂੰ ਹੱਲ ਕਰਨ ਦਾ ਕੋਈ ਆਸਾਨ ਤਰੀਕਾ ਨਹੀਂ ਹੈ। ਇਜ਼ਰਾਈਲੀ ਇਕ ਤਰ੍ਹਾਂ ਨਾਲ ਸੋਚਦੇ ਹਨ, ਫਲਸਤੀਨੀ ਇਕ ਹੋਰ ਢੰਗ ਨਾਲ ਸੋਚਦੇ ਹਨ, ਜੋ ਸਭ ਬੇ-ਅਸਰ ਅਤੇ ਬੇ-ਬੁਨਿਆਦ ਸਾਬਿਤ ਹੋ ਰਹੇ ਹਨ। ਸੱਚ ਇਹ ਹੀ ਹੈ ਕਿ ਜਦੋਂ ਤੱਕ ਮਨੁੱਖਤਾ ਪੂਰੀ ਤਰ੍ਹਾਂ ਵਿੱਚ ਬਹੁਤ ਜ਼ਿਆਦਾ ਨਹੀਂ ਬਦਲ ਜਾਂਦੀ,ਸੋਚ ਇਕ ਜੁਟਤਾਂ , ਅਮਨ - ਅਮਾਨ , ਵਾਲੇ ਨਹੀਂ ਹੋ ਜਾਂਦੇ, ਸ਼ਾਂਤੀ ਦੀ ਕੋਈ ਸੰਭਾਵਨਾ ਨਹੀਂ ਨਜ਼ਰ ਆ ਰਹੀ। ਪੱਛਮੀ ਡਿਪਲੋਮੈਟ "ਸਖਤ ਰਿਆਇਤਾਂ" ਦੀ ਗੱਲ ਕਰਦੇ ਹਨ, ਪਰ ਸਿਰਫ ਇਜ਼ਰਾਈਲੀ ਸਰਕਾਰਾਂ ਲਈ। ਸਭ ਤੋਂ ਚਿੰਤਾਜਨਕ ਸਥਿਤੀ ਇਹ ਹੈ ਕਿ ਇਸ ਮੁੱਦੇ ਨੂੰ ਵੇਖਣ ਲਈ ਕੋਈ ਹੱਲ ਨਹੀਂ ਹੈ। ਇਜ਼ਰਾਈਲ ਹੌਲੀ-ਹੌਲੀ ਪੂਰਬੀ ਯਰੂਸ਼ਲਮ ਨੂੰ ਆਪਣੀ ਰਾਜਧਾਨੀ ਦੇ ਰੂਪ ਵਿੱਚ ਵਾਪਸ ਲੈਣਾ ਚਾਹੁੰਦਾ ਹੈ, ਜਿਸ ਨੂੰ ਫਿਲਸਤੀਨੀ ਕਦੇ ਵੀ ਆਗਿਆ ਨਹੀਂ ਦੇਣਗੇ। ਦੋਵਾਂ ਧਿਰਾਂ ਵਿਚਕਾਰ ਹੋਰ ਗੁੰਝਲਦਾਰ ਮੁੱਦੇ ਵਧ ਰਹੇ ਹਨ। ਅੰਤਰਰਾਸ਼ਟਰੀ ਭਾਈਚਾਰਾ ਹੁਣ ਨਿਰਾਸ਼ ਅਤੇ ਚੁੱਪ ਹੈ ਕਿਉਂਕਿ ਪਿਛਲੇ ਸੱਤ ਦਹਾਕਿਆਂ ਵਿੱਚ ਸੈਂਕੜੇ ਸ਼ਾਂਤੀ ਪ੍ਰਸਤਾਵ ਇਸ ਮਸਲੇ ਨੂੰ ਹੱਲ ਕਰਨ ਵਿੱਚ ਅਸਫ਼ਲ ਰਹੇ ਹਨ। ਬਾਇਡਨ ਅਮਰੀਕਨ ਸਰਕਾਰ ਇਸ ਵਾਰੇ ਅਮਨ ਅਮਾਨ , ਜੀ 20 ਦੇ ਨੇਤਾਵਾਂ ਨਾਲ ਭੇਟਵਾਰਾਂ ਕਰਕੇ ਕਿਥੋਂ ਤੱਕ ਇਸ ਦਾ ਹੱਲ ਲੱਭਦੇ ਹਨ ਇਹ ਤਾਂ ਸਮਾਂ ਹੀ ਦੱਸੇਗਾ, ਪਰ ਜੋ ਹੋ ਰਿਹਾ ਹੈ ਉਹ ਇੱਕ ਭਿਆਨਕ ਮਨੁੱਖੀ ਦੁਖਾਂਤ ਅਤੇ ਦਿਲ-ਤੋੜ ਹੈ, ਅਤੇ ਇਹ ਸਭ ਲੜਾਈ ਅਤੇ ਹਿੰਸਾ ਭਿਆਨਕ ਹੁੰਦੀ ਨਜ਼ਰ ਆ ਰਹੀ ਹੈ, ਜੋ ਵੀ ਫ਼ੈਸਲਾਂ ਲੈਣਗ ਹੋਵੇਗਾ ਜੀ-20 ਦੇ ਨੇਤਾਵਾਂ ਵਲੋਂ ਜਲਦ ਲੈਣਾ ਹੋਵੇਗਾ ਇਸ ਤੋਂ ਪਹਿਲਾਂ ਕੇ ਇਹ ਤੀਜੇ ਵਿਸ਼ਵ ਯੁੱਧ ਦਾ ਰੂਪ ਧਾਰਨ ਕਰ ਜਾਵੇਂ।

# ਨਵੇਂ ਖੇਤੀ ਕਾਨੂੰਨਾਂ ਦਾ ਕੌੜਾ ਸੱਚ

-ਗੁਲਜ਼ਾਰ ਸਿੰਘ ਸੰਧੂ

ਭਾਰਤ ਵਿੱਚ ਖੇਤੀ ਦੇ ਕਾਲੇ ਕਾਨੂੰਨਾਂ ਵਿਰੁੱਧ ਕਿਸਾਨਾਂ ਵੱਲੋਂ ਵਿੱਢਿਆ ਸੰਘਰਸ਼ ਦੇਸ਼ ਦੀਆਂ ਹੱਦਾਂ ਟੱਪ ਕੇ ਦੁਨੀਆਂ ਭਰ ਵਿੱਚ ਗੌਲਿਆ ਗਿਆ ਹੈ। ਅਮਰੀਕਾ ਦੇ ਭਾਰਤੀ ਵਿਗਿਆਨੀ ਉਥੇ ਵੱਖ-ਵੱਖ ਪ੍ਰਾਂਤਾਂ ਵਿੱਚ 10 ਹਜ਼ਾਰ ਕਿਲੋਮੀਟਰ ਤੈਅ ਕਰ ਕੇ ਉਥੋਂ ਦੇ ਕਿਸਾਨਾਂ ਨੂੰ ਮਿਲੇ ਤੇ ਮਹੱਤਵ ਪੂਰਨ ਵੇਰਵੇ ਇਕੱਠੇ ਕੀਤੇ। ਇਹ ਵੇਰਵੇ ਹੈਰਾਨ ਕਰਨ ਵਾਲੇ ਹਨ। ਰਾਸ਼ਟਰਪਤੀ ਨਿਕਸਨ ਨੇ ਆਪਣੇ ਕਾਰ-ਜਕਾਲ ਵਿੱਚ ਉਥੋਂ ਦੇ ਕਿਸਾਨਾਂ ਨੂੰ ਹੁਕਮ ਦਿੱਤਾ ਸੀ ਕਿ ਜਾਂ ਤਾਂ ਵੱਡੇ ਜ਼ਿਮੀਂਦਾਰ ਬਣ ਜਾਓ ਜਾਂ ਖੇਤੀ ਛੱਡ ਦਿਓ। ਜਦੋਂ ਰਾਸ਼ਟਰਪਤੀ ਰੀਗਨ ਆਇਆ ਤਾਂ ਉਸ ਨੇ ਖੇਤੀ ਨੂੰ ਉਨਤ ਲੀਹਾਂ ਉੱਤੇ ਤੋਰਨ ਦੇ ਲਈ ਵੱਡੇ ਕਾਰਪੋਰੇਟਾਂ ਦੇ ਹਵਾਲੇ ਕਰ ਦਿੱਤਾ।

ਆਪਣੇ ਦੌਰੇ ਪਿੱਛੋਂ ਭਾਰਤੀ ਵਿਗਿਆਨੀਆਂ ਨੇ ਤੱਤ ਕੱਢਿਆ ਹੈ ਕਿ ਖੇਤੀ ਦਾ ਧੰਦਾ ਕਾਰਪੋਰੇਟਾਂ ਦੇ ਹੱਥ ਚਲੇ ਜਾਣ ਨਾਲ ਬੀਜਾਂ, ਖਾਦਾਂ ਤੇ ਖੇਤੀ ਵਸਤਾਂ ਦੀ ਕੀਮਤ 20 ਸਾਲਾਂ ਵਿੱਚ ਤਿੰਨ ਗੁਣਾਂ ਵਧ ਗਈ ਹੈ, ਜਿਸ ਕਾਰਨ ਉਨ੍ਹਾਂ ਦੇ ਸਿਰ ਉੱਤੇ ਕਰਜ਼ੇ ਦੀ ਰਕਮ 425 ਅਰਬ ਡਾਲਰ ਹੋ ਗਈ। ਮਸ਼ੀਨਰੀ ਵੇਚਣ ਵਾਲੇ ਕਿਸ਼ਤ ਟੁੱਟਣ ਉੱਤੇ ਖੇਤਾਂ ਵਿੱਚ ਚੱਲ ਰਹੇ ਟਰੈਕਟਰ ਬੰਦ ਕਰ ਕੇ ਚਾਬੀ ਕੱਢ ਕੇ ਲੈ ਜਾਂਦੇ ਹਨ। 80 ਫ਼ੀਸਦੀ ਪਿੰਡਾਂ ਵਿੱਚ ਬੱਚੇ ਪੈਦਾ ਕਰਨ ਦੀ ਰੁਚੀ ਘਟ ਰਹੀ ਹੈ, ਕਿਉਂਕਿ ਉਥੋਂ ਦੇ ਕਿਸਾਨ ਆਪਣੇ ਆਪ ਨੂੰ ਮਾਲੀ ਪੱਖੋਂ ਬੱਚੇ ਪਾਲਣ ਦੇ ਯੋਗ ਨਹੀਂ ਸਮਝਦੇ। ਜ਼ਮੀਨਾਂ ਦੀ ਕੀਮਤ ਡਿੱਗ ਪਈ ਅਤੇ ਕਿਸਾਨ ਖ਼ੁਦਕੁਸ਼ੀਆਂ ਚਾਰ-ਪੰਜ ਗੁਣਾਂ ਵਧ ਗਈਆਂ ਹਨ। ਛੋਟੇ ਕਿਸਾਨ ਵੱਡੀ ਗਿਣਤੀ ਵਿੱਚ ਖੇਤੀ ਛੱਡ ਕੇ ਨੌਕਰੀਆਂ ਲੱਭ ਰਹੇ ਹਨ। ਜੋ ਸਿੱਟਾ ਅਮਰੀਕਾ ਦੇ ਭਾਰਤੀ ਵਿਗਿਆਨੀ ਨੇ ਹਜ਼ਾਰਾਂ ਕਿਲੋਮੀਟਰ ਦੀ ਯਾਤਰਾ ਕਰ ਕੇ ਕੱਢਿਆ, ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਵਕੀਲ ਜੋਗਿੰਦਰ ਸਿੰਘ ਤੂਰ ਨੇ ਭਾਰਤ ਸਰਕਾਰ ਦੇ ਨਵੇਂ ਖੇਤੀ ਕਾਨੂੰਨਾਂ ਨੂੰ ਵਕਾਲਤ ਦੀ ਕਸਵੱਟੀ ਉੱਤੇ ਪਰਖ ਕੇ 'ਖੇਤੀ ਕਾਨੂੰਨਾਂ ਵਿੱਚ ਕਾਲਾ ਕੀ ਹੈ?' ਨਾਂ ਦਾ ਕਿਤਾਬਚਾ ਤਿਆਰ ਕੀਤਾ ਹੈ, ਜਿਹੜਾ ਘੱਟ ਚੌਂਕਾ ਦੇਣ ਵਾਲਾ ਨਹੀਂ।

ਇੱਥੇ ਵੀ ਸਰਕਾਰ ਦੀ ਮਨਸਾ ਸਮੁੱਚੇ ਖੇਤੀ ਅਰਥਚਾਰੇ ਨੂੰ ਕਾਰਪੋਰੇਟ ਸੈਕਟਰ ਦੇ ਹੱਥਾਂ ਵਿੱਚ ਦੇਣ ਦੀ ਹੈ। ਜਦੋਂ ਖੇਤੀ ਤੇ ਖੇਤਾਂ ਉਤੇ ਕਾਰਪੋਰੇਟ ਘਰਾਣੇ ਕਾਬਜ਼ ਹੋ ਜਾਣਗੇ, ਅਨਾਜ ਤੇ ਖਾਣ ਵਾਲੀਆਂ ਵਸਤਾਂ ਮਹਿੰਗੀਆਂ ਹੋ ਜਾਣਗੀਆਂ। ਸਰਕਾਰੀ ਕੰਟਰੋਲ ਖ਼ਤਮ ਹੋਣ ਨਾਲ ਖ਼ਪਤਕਾਰ ਵਰਗ ਮਰਨ ਕੰਢੇ ਪਹੁੰਚ ਜਾਵੇਗਾ। ਖੇਤ ਮਜ਼ਦੂਰ, ਮੁਲਾਜ਼ਮ ਤੇ ਕਿਰਤ ਕਰਨ ਵਾਲੇ ਸਾਰੇ ਇਸ ਦਾ ਸ਼ਿਕਾਰ ਹੋਣਗੇ। ਇੱਥੇ ਹੀ ਬਸ ਨਹੀਂ, ਕੇਂਦਰ ਦੀ ਸਰਕਾਰ ਜ਼ਰੂਰੀ ਵਸਤਾਂ ਦੀ ਪੈਦਾਵਾਰ, ਸਪਲਾਈ ਤੇ ਸਾਵੀਂ ਵੰਡ ਨੂੰ ਯਕੀਨੀ ਕਰਨ ਜਾਂ ਦੇਸ਼ ਦੇ ਮਿਲਟਰੀ ਅਪ੍ਰੇਸ਼ਨਜ਼ ਦੀ ਸੂਰਤ ਵਿੱਚ ਇਨ੍ਹਾਂ ਵਸਤਾਂ ਨੂੰ ਵਿਉਂਤ ਬੱਧ ਤਰੀਕੇ ਨਾਲ ਪੈਦਾ ਕਰਨ, ਖ਼ਰੀਦ ਤੇ ਵਿੱਕਰੀ ਮੁੱਲ ਨਿਸ਼ਚਿਤ ਕਰਨ ਜਾਂ ਵੰਡ ਪ੍ਰਣਾਲੀ ਬਣਾਉਣ ਤੇ ਲਾਗੂ ਕਰਨ ਦੇ ਅਧਿਕਾਰ ਵੀ ਆਪਣੇ ਹੱਥ ਲੈਣ ਵਾਲੀ ਹੈ। ਜ਼ਰੂਰੀ ਵਸਤਾਂ ਵਿੱਚ ਖ਼ੁਰਾਕ ਪਦਾਰਥ ਹੀ ਨਹੀਂ, ਪਸ਼ੂ ਖ਼ੁਰਾਕ, ਕੋਲਾ, ਮੋਟਰ ਗੱਡੀਆਂ ਦੇ ਪੁਰਜ਼ੇ, ਕਪਾਹ, ਊਨੀ ਕੱਪੜਾ, ਤੇਲ ਅਤੇ ਤੇਲ ਬੀਜ, ਲੋਹਾ ਅਤੇ ਸਟੀਲ, ਕਾਗ਼ਜ਼, ਪੈਟਰੋਲ, ਡੀਜ਼ਲ ਅਤੇ ਪੈਟਰੋਲੀਅਮ ਤੋਂ ਬਣੀਆਂ ਉਹ ਸਭ ਚੀਜ਼ਾਂ, ਜਿਹੜੀਆਂ ਸਰਕਾਰ ਲੋਕਾਂ ਦੀ ਲੋੜ ਲਈ ਜ਼ਰੂਰੀ ਸਮਝੇ, ਸ਼ਾਮਲ ਹਨ।

ਚੇਤੇ ਰਹੇ ਕਿ ਇਹ ਐਕਟ ਕੋਈ ਨਵਾਂ ਨਹੀਂ। ਪੰਡਤ ਨਹਿਰੂ ਦੇ ਕਾਰਜਕਾਲ ਵਿੱਚ ਖੇਤੀ ਮੰਤਰੀ ਰਫ਼ੀ ਅਹਿਮਦ ਕਿਦਵਾਈ ਦੀ ਅਗਵਾਈ ਵਿੱਚ ਬਣਿਆ ਕਾਨੂੰਨ 1955 ਤੋਂ ਚੱਲਿਆ ਆ ਰਿਹਾ ਹੈ। ਇਸ ਵਿੱਚ 2003 ਤੱਕ ਅਨੇਕਾਂ ਸੁਧਾਰ ਹੋਏ ਹਨ, ਪਰ ਇਹ ਪਹਿਲੀ ਵਾਰ ਹੋਇਆ ਹੈ ਕਿ ਵਰਤਮਾਨ ਸਰਕਾਰ ਇਸ ਨੂੰ ਖ਼ਤਮ ਕਰ ਕੇ ਸਾਰੇ ਅਧਿਕਾਰ ਆਪਣੇ ਹੱਥ ਲੈ ਰਹੀ ਹੈ ਤਾਂ ਕਿ ਆਮ ਜਨਤਾ ਨੂੰ ਖੂੰਜੇ ਧੱਕ ਕੇ ਆਪਣੇ ਚੁਹੇਤਿਆਂ ਨੂੰ ਲਾਭ ਪਹੁੰਚਾ ਸਕੇ। ਅੱਗੇ ਤੋਂ ਇਹ ਵਸਤਾਂ ਹਰ ਕਿਸੇ ਨੂੰ ਮਾਰਕੀਟ ਤੋਂ ਖ਼ਰੀਦਣੀਆਂ ਪੈਣਗੀਆਂ, ਜਿਸ ਉਤੇ ਕਾਰਪੋਰਟ ਸੈਕਟਰ ਦਾ ਕੰਟਰੋਲ ਹੋਵੇਗਾ। ਨਿਸ਼ਚੇ ਹੀ ਫੂਡ ਪ੍ਰਾਸੈਸਿੰਗ ਦਾ ਕੰਮ ਵੀ ਉਨ੍ਹਾਂ ਦੇ ਹੱਥ ਆ ਜਾਵੇਗਾ। ਵਪਾਰੀ ਕਿਸਾਨ ਤੋਂ 10 ਰੁਪਏ ਕਿਲੋ ਮੱਕੀ ਖ਼ਰੀਦ ਕੇ ਮੱਕੀ ਤੋਂ ਬਣਿਆ ਕਸਟਰਡ 250 ਰੁਪਏ ਕਿਲੋ ਵੇਚਦੇ ਹਨ। ਆਲੂ ਪੰਜ-ਦਸ ਰੁਪਏ ਕਿਲੋ ਖ਼ਰੀਦ ਕੇ ਚਿਪਸ ਬਣਾ ਕੇ 200 ਰੁਪਏ ਕਿਲੋ ਵੇਚਦੇ ਹਨ। ਇਸੇ ਤਰ੍ਹਾਂ ਹਰੇ ਮਟਰ 10-15 ਰੁਪਏ ਲੈ ਕੇ ਫਰੋਜ਼ਨ ਮਟਰ 100 ਰੁਪਏ ਕਿਲੋ ਵੇਚੇ ਜਾ ਰਹੇ ਹਨ। ਇੱਥੋਂ ਤੱਕ ਕਿ ਕੌਫੀ ਦੇ ਬੀਜ 200 ਰੁਪਏ ਕਿਲੋ ਖ਼ਰੀਦ ਕੇ ਇੰਸਟੈਂਟ ਕੌਫੀ 2,000 ਰੁਪਏ ਕਿਲੋ ਵਿਕਦੀ ਹੈ। ਨਵੇਂ ਕਾਨੂੰਨ ਲਾਗੂ ਹੋਣ ਨਾਲ ਇਹ ਸਾਰਾ ਲਾਭ ਨਵੇਂ ਵਪਾਰੀ ਮਾਨਣਗੇ।

1955 ਦੇ ਜ਼ਰੂਰੀ ਵਸਤਾਂ ਐਕਟ ਦੀ ਲੋੜ ਨੂੰ ਤਕੱਦਿਆਂ ਕਿਸਾਨ ਇਹ ਆਸ ਲਾਈ ਬੈਠੇ ਸਨ ਕਿ ਜਿਸ ਘਾਲਣਾ ਨਾਲ ਉਨ੍ਹਾਂ ਨੇ ਅੰਨ ਸੰਕਟ ਖ਼ਤਮ ਕਰਕੇ ਹਰੀ ਕ੍ਰਾਂਤੀ ਲਿਆਂਦੀ ਹੈ, ਉਨ੍ਹਾਂ ਨੂੰ ਇਸ ਦਾ ਥਾਪੜਾ ਮਿਲੇਗਾ, ਪਰ ਹੋਣ ਉਹ ਜਾ ਰਿਹਾ ਹੈ, ਜੋ ਉਪਰ ਦਰਜ ਹੈ। ਅੱਜ ਘੱਟੋ-ਘੱਟ ਸਮਰਥਨ ਮੁੱਲ (ਐਮ ਐਸ ਪੀ) ਦਾ ਮਸਲਾ ਪੂਰੀ ਤਰ੍ਹਾਂ ਉਲਝਾਇਆ ਜਾ ਰਿਹਾ ਹੈ। ਸਾਰੇ ਜਾਣਦੇ ਹਨ ਕਿ ਪ੍ਰਤੀ ਕੁਇੰਟਲ ਐਮ ਐਸ ਪੀ ਪਹਿਲਾਂ ਹੀ ਲਾਗਤ ਕੀਮਤ ਨਾਲੋਂ ਘੱਟ ਹੈ। ਕਣਕ ਦੀ 1613 ਰੁਪਏ ਦੀ ਥਾਂ 1350 ਰੁਪਏ, ਝੋਨਾ 1751 ਦੀ ਥਾਂ 1310, ਬਾਜਰਾ 1315 ਦੀ ਥਾਂ 1250 ਰੁਪਏ ਹੈ। ਇਹੋ ਹਾਲ ਮੱਕੀ, ਕਪਾਹ, ਜੌਂ ਅਤੇ ਛੋਲਿਆਂ ਦਾ ਹੈ। 2014 ਦੀਆਂ ਚੋਣਾਂ ਸਮੇਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵਚਨ ਦਿੱਤਾ ਸੀ ਕਿ ਕਿਸਾਨਾਂ ਨੂੰ ਐਮ ਐਸ ਪੀ ਮਿਲਣੀ ਲਾਜ਼ਮੀ ਕਰੇਗਾ। ਹੋਇਆ ਇਹ ਕਿ ਕੇਂਦਰ ਦੀ ਨਵੀਂ ਸਰਕਾਰ 23 ਫ਼ਸਲਾਂ ਦੀ ਤੈਅ ਕੀਤੀ ਐਮ ਐਸ ਪੀ ਤੋਂ ਇਨਕਾਰੀ ਹੋ ਗਈ ਤੇ ਇਸ ਨੂੰ ਮੁੱਢੋਂ-ਸੁਢੋਂ ਬੰਦ ਕਰਨ ਉੱਤੇ ਆ ਗਈ ਹੈ। ਨਵੇਂ ਕਾਨੂੰਨ ਵਿੱਚ ਵਪਾਰੀ ਇਲੈਕਟ੍ਰਾਨਿਕ ਢੰਗ ਨਾਲ ਪਤਾ ਕਰ ਸਕਦਾ ਹੈ ਕਿ ਕਿਹੜੀ ਮੰਡੀ ਵਿੱਚ ਜਿਣਸ ਦਾ ਕੀ ਭਾਅ ਚੱਲਦਾ ਹੈ ਤੇ ਉਸ ਨੂੰ ਪੂਰਾ ਹੱਕ ਹੈ ਕਿ ਇਸ ਨੂੰ ਆਧਾਰ ਬਣਾ ਕੇ ਫ਼ਸਲ ਦੀ ਖ਼ਰੀਦ ਸਮੇਂ ਮਨਭਾਉਂਦਾ ਮੁੱਲ ਦੇਵੇ। ਫੂਡ ਕਾਰਪੋਰੇਸ਼ਨ ਆਫ ਇੰਡੀਆ ਤਾਂ ਕੀ, ਕੋਈ ਵੀ ਸਰਕਾਰੀ ਸੰਸਥਾ ਜਾਂ ਕਾਰਪੋਰੇਸ਼ਨ ਖ਼ਰੀਦ ਸ਼੍ਰੇਣੀ ਵਿੱਚ ਸ਼ਾਮਲ ਨਹੀਂ ਕੀਤੀ ਗਈ। ਜੇ ਸਰਕਾਰ ਹੀ ਖ਼ਰੀਦ ਮੰਡੀ ਵਿੱਚੋਂ ਬਾਹਰ ਆ ਗਈ ਤਾਂ ਖ਼ਰੀਦਦਾਰ ਕੌਣ ਰਹਿ ਜਾਵੇਗਾ? ਸਿਰਫ਼ ਇਲੈਕਟ੍ਰਾਨਿਕ ਵਪਾਰੀ।

ਨਵੇਂ ਕਾਨੂੰਨਾਂ ਤਹਿਤ ਬਾਹਰਲੇ ਦੇਸ਼ਾਂ ਵਿੱਚ ਬੈਠੇ ਘੱਟ ਤੋਂ ਘੱਟ ਦੋ ਜਾਂ ਦੋ ਵੱਧ ਵਿਅਕਤੀ, ਵਪਾਰੀ ਜਾਂ ਵਪਾਰਕ ਕੰਪਨੀਆਂ-ਕੰਪਨੀ ਬਣਾ ਕੇ ਭਾਰਤ ਵਿੱਚ ਵਪਾਰ ਕਰ ਸਕਦੇ ਹਨ। ਸ਼ਰਤ ਇਹ ਹੈ ਕਿ ਉਨ੍ਹਾਂ ਨੂੰ ਇੱਕ ਭਾਰਤੀ ਮੈਂਬਰ ਲੈਣਾ ਪਵੇਗਾ, ਜਿਹੜਾ ਭਾਵੇਂ ਕੋਈ ਆਰਥਿਕ ਸਮਰੱਥਾ ਨਾ ਰੱਖਦਾ ਹੋਵੇ ਤੇ ਭਾਵੇਂ ਉਹ ਬੱਸ ਚਲਾਉਣ ਵਾਲਾ ਹੀ ਹੋਵੇ।

ਇਹ ਕਾਨੂੰਨ ਬਣਨ ਉੱਤੇ ਨਾਰਥ ਅਮਰੀਕਾ ਦੇ ਕਿੱਤਾਧਾਰੀਆਂ ਦੀ ਇੱਕ ਸੰਸਥਾ ਨੇ ਭਰਵਾਂ ਸਵਾਗਤ ਕੀਤਾ ਤੇ ਖੁੱਲ੍ਹੇਆਮ ਕਿਹਾ ਕਿ ਅੱਜ ਮੌਕਾ ਮਿਲਿਆ ਹੈ ਸਾਨੂੰ ਬਾਹਰ ਬੈਠਿਆਂ ਭਾਰਤ ਵਿੱਚ ਵਪਾਰ ਦਾ। ਇਸ ਕਾਨੂੰਨ ਨੇ ਭਾਰਤ ਵੱਲ ਸਾਡੇ ਦਰਵਾਜ਼ੇ ਖੋਲ੍ਹ ਦਿੱਤੇ ਹਨ। ਬਾਹਰ ਬੈਠੇ ਵਪਾਰੀਆਂ ਨੂੰ ਇਸ ਕੰਪਨੀ ਵੱਲੋਂ ਕੀਤੇ ਜੁਰਮ ਜਾਂ ਘਪਲੇ ਵਿੱਚ ਫੜਨਾ ਤੇ ਸਜ਼ਾ ਦੇਣਾ ਔਖਾ ਹੋਵੇਗਾ, ਭਾਰਤੀ ਹਿੱਸੇਦਾਰ ਦੀ ਮਾਲੀ ਹੈਸੀਅਤ ਨਾ ਹੋਣ ਕਾਰਨ ਤੁਸੀਂ ਕੁਝ ਨਹੀਂ ਕਰ ਸਕੋਗੇ। ਅਜਿਹਾ ਵਪਾਰੀ, ਜਿਸ ਦਾ ਜ਼ਮੀਨ ਦੇ ਮਾਲਕ ਕਿਸਾਨ ਨੂੰ ਥਹੁ ਪਤਾ ਨਹੀਂ ਹੋਣਾ, ਉਹ ਹੋਂਦ ਵਿੱਚ ਆਈਆਂ ਜਾਅਲੀ ਕੰਪਨੀਆਂ, ਫਰਮਾਂ ਤੇ ਸੁਸਾਇਟੀਆਂ ਨੂੰ ਕਿੱਥੇ ਲੱਭਦਾ ਫਿਰੇਗਾ, ਕਿਸ ਦੇ ਖ਼ਿਲਾਫ਼ ਕਾਰਵਾਈ ਕਰੇਗਾ? ਸਰਕਾਰ ਨੇ ਤਾਂ ਪਹਿਲਾਂ ਹੀ ਆਪਣੇ ਹੱਥ ਵੱਢ ਕੇ ਉਨ੍ਹਾਂ ਨੂੰ ਦੇ ਛੱਡੇ ਹੋਣਗੇ।

ਤੀਜਾ ਕਾਨੂੰਨ ਕੰਟਰੈਕਟ ਫਾਰਮਿੰਗ ਬਾਰੇ ਹੈ, ਜਿਹੜਾ ਦੇਸ਼ ਦੀ ਕਿਸਾਨੀ ਨੂੰ ਹੋਰ ਭੰਬਲਭੂਸੇ ਵਿੱਚ ਪਾਉਂਦਾ ਹੈ। ਇਸ ਦੀ ਸ਼ਬਦਾਵਲੀ ਤੋਂ ਜਾਪਦਾ ਹੈ ਕਿ ਇਸ ਦੇ ਲਾਗੂ ਹੋਣ ਨਾਲ ਕਿਸਾਨ ਮਜ਼ਬੂਤ ਤੇ ਸੁਰੱਖਿਅਤ ਹੋਣਗੇ, ਪਰ ਇਸ ਦੀ ਤਹਿ ਵਿੱਚ ਜਾਈਏ ਤਾਂ ਇਸ ਨੇ ਸ਼ਕਤੀ ਤੇ ਸੁਰੱਖਿਆ ਕੀ ਦੇਣੀ ਹੈ, ਸਗੋਂ ਇਹ ਫ਼ਸਲੀ ਉਪਜ ਦਾ ਯੋਗ ਮੁੱਲ ਮਿਲਣ ਦਾ ਵੀ ਭਰੋਸਾ ਨਹੀਂ ਦਿਵਾਉਂਦਾ। ਉਂਝ ਵੀ ਇਸ ਕਾਨੂੰਨ ਦਾ ਸਿੱਧਾ ਸਬੰਧ ਖੇਤੀ ਨਾਲ ਹੋਣ ਸਦਕਾ, ਸੰਵਿਧਾਨ ਅਨੁਸਾਰ ਇਹ ਰਾਜ ਸਰਕਾਰ ਦੇ ਅਧਿਕਾਰ ਖੇਤਰ ਵਿੱਚ ਹੈ। ਕੇਂਦਰ ਵੱਲੋਂ ਇਸ ਨੂੰ ਘੜਨਾ ਜਾਂ ਲਾਗੂ ਕਰਨਾ ਗ਼ੈਰ-ਸੰਵਿਧਾਨਕ ਹੈ। ਕੇਂਦਰ ਦੀ ਵਰਤਮਾਨ ਸਰਕਾਰ ਖੇਤੀ ਦੇ ਇਸ ਕਾਨੂੰਨ ਨੂੰ ਵਣਜ-ਵਪਾਰ ਨਾਲ ਰਲਗੱਡ ਕਰ ਕੇ, ਇਸ ਨੂੰ ਕੇਂਦਰ ਤੇ ਰਾਜ ਸਰਕਾਰ ਦੀ ਸਾਂਝੀ ਲਿਸਟ ਵਿੱਚ ਹੋਣ ਦਾ ਭੁਲੇਖਾ ਪਾ ਰਹੀ ਹੈ। ਇਹ ਵੀ ਕਿ ਇਸ ਨੂੰ ਲਾਗੂ ਕਰਨ ਬਾਰੇ ਕੇਂਦਰ ਹੀ ਨਿਯਮ ਬਣਾਏਗਾ ਅਤੇ ਰਾਜਾਂ ਨੂੰ ਇਨ੍ਹਾਂ ਉੱਤੇ ਪਾਬੰਦ ਹੋਣਾ ਪਵੇਗਾ। ਰਾਜ ਸਰਕਾਰਾਂ ਕੇਂਦਰ ਦੇ ਮਾਤਹਿਤ ਹੀ ਨਹੀਂ ਹੋ ਨਿਬੜਦੀਆਂ, ਉਨ੍ਹਾਂ ਦੀ ਮਾਲਕੀ ਅਤੇ ਮਾਸਟਰੀ ਉਤੇ ਵੀ ਪੋਚਾ ਫਿਰ ਜਾਂਦਾ ਹੈ। ਜੇ ਅਸੀਂ ਇਸ ਕਾਨੂੰਨ ਦੀ ਧਾਰਾ ਨੂੰ ਇਲੈਕਟ੍ਰਾਨਿਕ ਵਪਾਰ ਵਿੱਚ ਫਿੱਟ ਕਰਕੇ ਦੇਖੀਏ ਤਾਂ ਸਾਫ ਹੋ ਜਾਂਦਾ ਹੈ ਕਿ ਜ਼ਮੀਨ ਦੇ ਅਸਲ ਮਾਲਕ ਨੂੰ ਵਪਾਰੀ ਪੱਲਾ ਹੀ ਨਹੀਂ ਫੜਾਉਂਦਾ। ਕਹਿਣ ਨੂੰ ਫ਼ਸਲ ਉਗਾਉਣ ਉਤੇ ਜਿਹੜਾ ਬੀਜ, ਖ਼ੁਰਾਕ, ਪਸ਼ੂ ਖ਼ੁਰਾਕ, ਖੇਤੀ ਰਸਾਇਣ, ਮਸ਼ੀਨਰੀ, ਟੈਕਨਾਲੋਜੀ, ਗ਼ੈਰ-ਰਸਾਇਣਕ ਪਦਾਰਥ ਆਦਿ ਦਾ ਖ਼ਰਚ ਆਉਣਾ ਹੈ, ਉਹ ਵਪਾਰੀ ਨੇ ਦੇਣਾ ਹੈ, ਪਰ ਇਸ ਦੀਆਂ ਨੀਂਹਾਂ ਵਿੱਚ ਕਾਲਖ ਹੀ ਕਾਲਖ ਹੈ। ਵਪਾਰੀ ਕਿਸਾਨ ਦੇ ਨਾਂ ਉੱਤੇ ਕਰਜ਼ਾ ਲੈ ਸਕਦਾ ਹੈ ਤੇ ਅਦਾਇਗੀ ਨਾ ਹੋਣ ਦੀ ਸੂਰਤ ਵਿੱਚ ਕਿਸਾਨ ਤੇ ਉਸ ਦੀ ਭੋਂ, ਜਿਸ ਦੇ ਆਧਾਰ ਉੱਤੇ ਕਰਜ਼ਾ ਲਿਆ ਗਿਆ ਹੈ, ਕੁੜੱਕੀ ਵਿੱਚ ਆ ਜਾਂਦੇ ਹਨ।

ਇੱਥੇ ਹੀ ਬਸ ਨਹੀਂ, ਉਪਜ ਦੀ ਗੁਣਵੱਤਾ ਜਾਨਣ ਲਈ ਲੈਬਰਾਟਰੀ ਟੈਸਟ ਕਰਾਇਆ ਜਾਵੇਗਾ। ਟੈਸਟ ਅਨੁਸਾਰ ਜੇ ਉਪਜ ਵਿੱਚ ਕੀਟਨਾਸ਼ਕ ਦਵਾਈਆਂ ਦੀ ਰਹਿੰਦ-ਖੂੰਹਦ ਨਿਕਲ ਆਈ ਤਾਂ ਵਪਾਰੀ ਇਸ ਜਿਣਸ ਨੂੰ ਰੱਦ ਕਰ ਸਕਦਾ ਹੈ। ਇਹ ਕਿਸੇ ਨਹੀਂ ਦੇਖਣਾ ਕਿ ਬੀਜ ਹੀ ਵਪਾਰੀ ਦਾ ਦਿੱਤਾ ਹੋਇਆ ਨਹੀਂ, ਸਗੋਂ ਸੇਂਜੀ, ਸਪਰੇਅ ਤੇ ਦੇਖ-ਭਾਲ ਵੀ ਵਪਾਰੀ ਦੀਆਂ ਹਦਾਇਤਾਂ ਅਨੁਸਾਰ ਹੋਈ ਹੈ। ਜਿਣਸ ਦਾ ਗਰੇਡ, ਸੁਟਾਈ, ਦਾਣਿਆਂ ਦੇ ਰੰਗ, ਆਕਾਰ ਤੇ ਨਮੀ ਬਾਰੇ ਵੀ ਕਿਸਾਨ ਨੂੰ ਬੋਲਣ ਦਾ ਹੱਕ ਨਹੀਂ। ਮਾੜੀ ਗੱਲ ਇਹ ਕਿ ਵਪਾਰੀ ਉੱਤੇ ਸਟਾਕ ਦੀ ਕੋਈ ਪਾਬੰਦੀ ਨਹੀਂ ਹੋਣੀ। ਉਹ ਜਿੰਨੀ ਮਰਜ਼ੀ ਉਪਜ ਖ਼ਰੀਦੇ ਤੇ ਜਦੋਂ ਤੱਕ ਮਰਜ਼ੀ ਸਟਾਕ ਕਰੀ ਰੱਖੇ, ਸਰਕਾਰ ਦਾ ਉਸ ਉੱਤੇ ਕੋਈ ਕੰਟਰੋਲ ਨਹੀਂ ਹੋਣਾ। ਉਦੋਂ ਕਿਸਾਨ ਕਿਹੜੀ ਕਚਹਿਰੀ ਦਾ ਕੁੰਡਾ ਖੜਕਾਏਗਾ। ਜੇ ਵਪਾਰੀ ਕਿਸੇ ਵਿਦੇਸ਼ੀ ਕੰਪਨੀ ਵਾਲਾ ਹੈ, ਨਾ ਉਸ ਦੀ ਜਾਇਦਾਦ ਕੁਰਕ ਕੀਤੀ ਜਾ ਸਕਦੀ ਹੈ ਅਤੇ ਨਾ ਉਸ ਨੂੰ ਗ੍ਰਿਫ਼ਤਾਰ ਕੀਤਾ ਜਾ ਸਕਦਾ ਹੈ। ਕੇਂਦਰ ਸਰਕਾਰ ਨੇ ਪੱਲਾ ਝਾੜ ਦੇਣਾ ਹੈ। ਕਿਸਾਨ ਕੀ ਕਰੇਗਾ। ਓਥੇ ਕੋਈ ਭਲੇ ਵੇਲਿਆਂ ਵਾਲਾ ਛੋਟੂ ਰਾਮ ਵਰਗਾ ਹਿਤੈਸ਼ੀ ਨਹੀਂ, ਜਿਹੜਾ ਕਿਸਾਨ ਦੀ ਸੋਚੇ।

ਜੋਗਿੰਦਰ ਸਿੰਘ ਤੂਰ ਨੇ ਆਪਣੇ ਤਾਜ਼ਾ ਲਿਖੇ ਕਿਤਾਬਚੇ 'ਖੇਤੀ ਕਾਨੂੰਨਾਂ ਵਿੱਚ ਕਾਲਾ ਕੀ ਹੈ?' ਵਿੱਚ ਤਿੰਨਾਂ ਕਾਨੂੰਨਾਂ ਦੀ ਕਾਨੂੰਨੀ ਪਰਖ ਪੜਚੋਲ ਕਰਕੇ ਸਾਬਤ ਕੀਤਾ ਹੈ ਕਿ ਇਹ ਕਾਨੂੰਨ ਕੇਂਦਰ ਸਰਕਾਰ ਦੇ ਅਧਿਕਾਰ ਖੇਤਰ ਤੋਂ ਬਾਹਰੇ ਹੀ ਨਹੀਂ, ਕਿਸਾਨ ਮਾਰੂ ਵੀ ਹਨ। ਕਿਸਾਨ ਆਪਣੀ ਥਾਂ ਸੱਚੇ ਹਨ, ਜਿਹੜੇ ਆਪਣਾ ਘਰ-ਬਾਰ ਛੱਡ ਕੇ ਮੀਂਹ, ਹਨੇਰੀ ਅਤੇ ਸਰਦੀ-ਗਰਮੀ ਨਾਲ ਆਢਾ ਲਾ ਕੇ ਦਿੱਲੀ ਬਾਰਡਰ ਉੱਤੇ ਡੇਰੇ ਲਾਈ ਬੈਠੇ ਹਨ। ਇਸੇ ਕਾਰਨ ਉਹ ਇਨ੍ਹਾਂ ਕਾਨੂੰਨਾਂ ਵਿੱਚ ਕਿਸੇ ਤਰ੍ਹਾਂ ਦੀ ਵੀ ਸੋਧ ਕਰਨਾ ਨਹੀਂ ਮੰਨ ਰਹੇ।

ਐਡਵੋਕੇਟ ਤੂਰ ਦੇ ਸ਼ਬਦਾਂ ਵਿੱਚ 'ਜੇ ਕਿਸਾਨ ਸੋਧ ਕਰਨਾ ਮੰਨ ਲੈਂਦੇ ਹਨ ਤਾਂ ਯਕੀਨਨ ਇਹ ਵੀ ਮੰਨ ਲੈਂਦੇ ਹਨ ਕਿ ਕੇਂਦਰ ਨੂੰ ਇਹ ਕਾਨੂੰਨ ਬਣਾਉਣ ਦਾ ਅਧਿਕਾਰ ਹੈ, ਉਹ ਕੇਂਦਰ ਦੀ ਇਹ ਤਜਵੀਜ਼ ਨਹੀਂ ਮੰਨ ਰਹੇ ਕਿ ਇਨ੍ਹਾਂ ਨੂੰ ਦੋ ਜਾਂ ਤਿੰਨ ਸਾਲ ਲਈ ਲੰਬਿਤ ਕਰ ਦਿੱਤਾ ਜਾਵੇ।' ਤੂਰ ਦੀਆਂ ਨਜ਼ਰਾਂ ਵਿੱਚ ਜੇ ਇਨ੍ਹਾਂ ਕਾਨੂੰਨਾਂ ਨੂੰ ਘੜਨਾ ਜਾਂ ਲਾਗੂ ਕਰਨਾ ਕੇਂਦਰ ਦੇ ਅਧਿਕਾਰ ਖੇਤਰ ਵਿੱਚ ਹੀ ਨਹੀਂ ਤਾਂ ਕੇਂਦਰ ਇਨ੍ਹਾਂ ਨੂੰ ਰੱਦ ਕਰਨਾ ਕਿਉਂ ਨਹੀਂ ਮੰਨ ਰਿਹਾ?

ਇਸ ਕਿਤਾਬਚੇ ਵਿੱਚ ਜੋਗਿੰਦਰ ਸਿੰਘ ਤੂਰ ਵੱਲੋਂ ਕੀਤੀ ਛਾਣਬੀਣ ਸਿੱਧ ਕਰਦੀ ਹੈ ਕਿ ਨਵੇਂ ਫ਼ੈਸਲੇ ਸਰਕਾਰ ਨਹੀਂ ਲੈਂਦੀ, ਬਲਕਿ ਵੱਡੇ ਵਪਾਰੀ ਘਰਾਣੇ ਅਜਿਹੇ ਕਾਨੂੰਨ ਬਣਾ ਕੇ ਜਾਂ ਬਣਵਾ ਕੇ ਸਰਕਾਰ ਨੂੰ ਦਿੰਦੇ ਹਨ ਤੇ ਸੱਤਾਧਾਰੀ ਪਾਰਟੀ ਚੋਣਾਂ ਵੇਲੇ ਇਨ੍ਹਾਂ ਵੱਡੇ ਵਪਾਰੀ ਘਰਾਣਿਆਂ ਤੋਂ ਇਵਲਜ਼ਾਨੇ ਵਜੋਂ ਪੈਸੇ ਲੈ ਲੈਂਦੀ ਹੈ। ਅੱਜ ਤੱਕ ਸਰਕਾਰ ਲੋਕਾਂ ਨੂੰ ਜਾਤਾਂ, ਧਰਮਾਂ ਤੇ ਜੁਮਲਿਆਂ ਨਾਲ ਆਪਸ ਵਿੱਚ ਜੁੜਨ ਨਹੀਂ ਦੇ ਰਹੀ ਸੀ ਤੇ ਆਪਣੇ ਆਪ ਨੂੰ ਮਹਿਫ਼ੂਜ਼ ਮਹਿਸੂਸ ਕਰ ਰਹੀ ਸੀ। ਕਿਰਤੀ ਕਿਸਾਨਾਂ ਦੇ ਵਰਤਮਾਨ ਸੰਘਰਸ਼ ਨੇ ਇਹ ਵਹਿਮ ਤੋੜਿਆ ਹੈ। ਪਹਿਲੀ ਵਾਰ ਇਸ ਸੰਘਰਸ਼ ਨੇ ਜਾਤ ਤੇ ਧਰਮ ਦੇ ਵਖਰੇਵੇਂ ਤੋਂ ਉਤੇ ਉਠ ਕੇ ਵਰਗ ਚੇਤਨਾ ਪੈਦਾ ਕੀਤੀ ਹੈ। ਅੱਜ ਹਰ ਕਿਸਾਨ ਇੱਕ-ਦੂਜੇ ਨੂੰ ਕਹਿੰਦੇ ਹੈ: ਤੂੰ ਵੀ ਕਿਸਾਨ, ਮੈਂ ਵੀ ਕਿਸਾਨ। ਇਸੇ ਤਰ੍ਹਾਂ ਗ਼ਰੀਬ ਕਹਿੰਦਾ ਹੈ: ਤੂੰ ਵੀ ਗ਼ਰੀਬ, ਮੈਂ ਵੀ ਗ਼ਰੀਬ। ਆਪਣਾ ਸਾਹ ਇੱਕੋ, ਆਪਣੇ ਰਾਹ ਇੱਕੋ। ਇਹ ਚੇਤਨਾ ਭਾਰਤ ਵਿੱਚ ਬੁਨਿਆਦੀ ਤਬਦੀਲੀ ਲਿਆਉਂਦੀ ਨਜ਼ਰ ਆ ਰਹੀ ਹੈ।

ਲੇਖਕ ਨੇ ਇਸ ਕਿਤਾਬਚੇ ਵਿੱਚ ਆਈ ਟੀ ਓ, ਗੈਟ, ਡਬਲਿਊ ਟੀ ਓ ਅਤੇ ਏ ਓ ਏ (11) ਸਣੇ ਸੰਸਾਰ ਦੇ ਹੋਰ ਦੇਸ਼ਾਂ ਦੇ ਪ੍ਰਮਾਣ ਵੀ ਦਿੱਤੇ ਹਨ, ਜਿਨ੍ਹਾਂ ਨੇ ਆਪੋ ਆਪਣੇ ਅਰਥਚਾਰੇ ਨੂੰ ਕੰਟਰੋਲ ਕਰਨ ਲਈ ਅਜਿਹੇ ਕਾਨੂੰਨ ਬਣਾਏ ਤੇ ਮੂੰਹ ਦੀ ਖਾਧੀ। ਕਿਸਾਨਾਂ ਤੇ ਕਿਸਾਨ ਹਿਤੈਸ਼ੀਆਂ ਲਈ ਇਹ ਕਿਤਾ-ਬਚਾ ਰਾਹ ਦਸੇਰਾ ਹੈ। ਲੇਖਕ ਨੇ ਇਸ ਦੀਆਂ 5000 ਪੰਜਾਬੀ ਤੇ ਇੰਨੀਆਂ ਹੀ ਹਿੰਦੀ ਵਿੱਚ ਕਾਪੀਆਂ ਮੁਫ਼ਤ ਵੰਡਣ ਲਈ ਛਪਵਾਈਆਂ ਹਨ।

## ਕਵਿਤਾਵਾਂ

### ਈਦ ਮੁਬਾਰਕ

*ਈਦ ਮੁਬਾਰਕ ਸਭ ਨੂੰ ਹੋਵੇ ਦੋਸਤੋ।*
*ਬੇਸਹਾਰਾ,ਮਜ਼ਲੂਮ ਕਿਉਂ ਰੋਵੇ ਦੋਸਤੋ।*
*ਮਾਰਧਾੜ ਹੋ ਰਹੀ ਕਿਸ ਦਾ ਕਸੂਰ ਹੈ,*
*ਕਿਉਂ ਪਿਆਰਾ ਆਪਣਾ ਖੋਹਵੇ ਦੋਸਤੋ।*
*ਬੇਬਸ, ਲਾਚਾਰ ਬੁੱਢ੍ਹਾ ਬਾਪ ਪੁੱਤ ਦਾ,*
*ਮੋਢ੍ਹੇ ਰੱਖ ਲਾਸ਼, ਕਿਉਂ ਢੋਵੇ ਦੋਸਤੋ।*
*ਧਰਮੀ ਏਂ ਤਾਂ ਕੁੱਝ, ਸਿੱਖ ਕਾਫ਼ਿਰ ਤੋਂ,*
*ਤੇਰੇ ਨਾਲੋਂ ਵੱਧ , ਸਮਝਾਵੇ ਦੋਸਤੋ।*
*ਜ਼ਿਹਾਦ ਦੇ ਨਾਂ, ਬਖ਼ਸ਼ੇ ਨਾ ਗਰੀਬ*
*ਲੈ ਅੱਲਾ ਦਾ ਨਾਂ ਕਿਉਂ ਕੋਹਵੇਂ ਦੋਸਤੋ।*
*ਬਣ ਨਾ ਜ਼ਾਲਿਮ ਤੇ ਕਠੋਰ ਬਹੁਤਾ,*
*ਅੱਖ ਮਸੂਮ ਚੋਂ ਨਾ ਹੰਝੂ ਚੋਵੇ ਦੋਸਤੋ।*
*ਕਰੇਂ ਜ਼ੱਨਤ ਦੀ ਗੱਲ, ਤੇ ਹੂਰਾਂ ਦੀ,*
*ਸਭ ਦਿਲਾਸੇ ਝੂਠ, ਪਾਪ ਧੋਵੇਂ ਦੋਸਤੋ।*
*ਤਾਂਡਵ ਭਾਰੀ ਮੌਤ ਤਾਂ ਵਿੱਚ ਦਰਗਾਹਾਂ,*
*ਸਹਿਮ ਵੀ, ਕਿੰਜ਼ ਈਦ ਮਨਾਵੇ ਦੋਸਤੋ।*
*ਨਿਰਦੋਸ਼ ਹੀ ਪ੍ਰਾਣ ਆਹੂਤੀ ਦੇ ਗਏ,*
*ਦੂਜਿਆਂ ਨੂੰ ਕਿਉਂ, ਉੱਕਸਾਵੇਂ ਦੋਸਤੋ।*
*ਗਲਵੱਕੜੀ ਪਾ, ਕਰੀਏ ਪ੍ਰਣ 'ਹਕੀਰ',*
*ਹਰ ਕੋਈ ਸੁੱਖ ਚੈਨ 'ਨਾ ਸੌਵੇਂ ਦੋਸਤੋ।*

ਸੁਲੱਖਣ ਸਿੰਘ
ਫੋਨ- 647-786-6329

• • • •

### ਇਹ ਦਿਨ ਵੀ ਰਹਿਣੇ ਯਾਦ

*ਦਿਨ ਹਾਲੇ ਚੰਗੇ ਨਈਂ, ਤੂੰ ਜਿਗਰਾ ਤਕੜਾ ਕਰ,*
*ਠੇਡੇ ਤਾਂ ਵੱਜਣਗੇ ,ਅਜੇ ਦਿਨ ਮਾੜੇ ਨੇ।*
*ਭੁੱਲ ਜਾਣੇ ਇਹ ਦਿਨ ਪਰ , ਲੋਕ ਨਾ ਭੁੱਲਣਗੇ,*
*ਜਿੰਨਾਂ ਉੱਗਣੋਂ ਪਹਿਲਾਂ ਹੀ, ਖ਼ੁਆਬ ਉਜਾੜੇ ਨੇ।*
*ਲਗਦਾ ਏ ਦੁਨੀਆਂ ਨੂੰ, ਅਸੀਂ ਨਹੀਂ ਪੁੰਗਰਨਾ,*
*ਫੁੱਟ ਤਾਂ ਓਹ ਵੀ ਪੈਂਦੇ, ਜੋ ਲੋਆਂ ਸਾੜੇ ਨੇ।*
*ਮਾੜੇ ਭਾਗਾਂ ਦੇ ਨਾਲ ,ਹਾਲੇ ਲੜਦੇ ਹਾਂ,*
*ਪਾਏ ਜ਼ਿੰਦਗੀ ਨੇ ਕੁਝ , ਅਜਬ ਪਵਾੜੇ ਨੇ।*
*ਸਮਝ ਲੈਣ ,ਜੋ ਦੁਸ਼ਮਣ ਬਣ ਬਣ ਖੜਦੇ ਨੇ,*
*ਅਸੀਂ ਚੰਮ ਦੇ ਕਈ ਲਿਫਾਫੇ,ਸੱਜਣਾਂ ਪਾੜੇ ਨੇ।*
*ਅੱਖਾਂ ਵਿੱਚ ਪਾ ਅੱਖਾਂ, ਇਕ ਦਿਨ ਦੱਸਾਂਗੇ,*
*ਵਰਤਕੇ ਜਿੰਨ੍ਹਾਂ, ਪੈਰਾਂ ਹੇਠ ਲਤਾੜੇ ਨੇ।*
*'ਰਾਜਨ' ਜੇਹੜੇ ਨੀਂਦ ਕਿਸੇ ਦੀ ,ਖੋਂਹਦੇ ਨੇ,*
*ਖੁਦ ਵੀ ਨਾ ਸੌਂ ਸਕਦੇ,ਮਾਰ ਘੁਰਾੜੇ ਨੇ।*

ਰਾਜਨਦੀਪ ਕੌਰ ਮਾਨ
ਫੋਨ- 6239326166





# ਨਵਜੋਤ ਸਿੱਧੂ ਵੱਲੋਂ ਬਰਗਾੜੀ ਕੇਸ ਵਿੱਚ ਕਾਂਗਰਸ ਪਿੱਛੋਂ ਅਕਾਲੀ ਦਲ ਉਤੇ ਨਿਸ਼ਾਨੇ

## * ਘਟਨਾਵਾਂ ਸਮੇਂ ਦੀਆਂ ਵੀਡੀਓ ਜਾਰੀ ਕੀਤੀਆਂ

ਅੰਮ੍ਰਿਤਸਰ, 17 ਮਈ (ਪੋਸਟ ਬਿਊਰੋ)- ਅਕਾਲੀ ਭਾਜਪਾ ਸਰਕਾਰ ਦੌਰਾਨ ਹੋਏ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਬਰਗਾੜੀ ਕੇਸਤੇ ਬਹਿਬਲ ਕਲਾਂ ਗੋਲੀ ਕਾਂਡ ਕੇਸ ਵਿੱਚ ਕਾਂਗਰਸੀ ਵਿਧਾਇਕ ਨਵਜੋਤ ਸਿੰਘ ਸਿੱਧੂ ਨੇ ਕੱਲ੍ਹ ਅਕਾਲੀ ਦਲ ਨੂੰ ਨਿਸ਼ਾਨੇ ਉੱਤੇ ਰੱਖ ਲਿਆ। ਇੱਕ ਟਵੀਟ ਰਾਹੀਂ ਕਿਸੇ ਦਾ ਨਾਂਅ ਲਏ ਲਏ ਬਿਨਾਂ ਨਵਜੋਤ ਸਿੰਘ ਸਿੱਧੂ ਨੇ ਕਿਹਾ, 'ਤੁਸੀਂ ਦੋਸ਼ੀ ਹੋ, ਪਰ ਤੁਹਾਨੂੰ ਬਚਾਇਆ ਗਿਆ ਹੈ।' ਇਸ ਦੇ ਨਾਲ ਨਵਜੋਤ ਸਿੱਧੂ ਨੇ ਘਟਨਾ ਵੇਲੇ ਦੀਆਂ ਸੀ ਸੀ ਟੀ ਵੀ ਕੈਮਰਿਆਂ ਦੀਆਂ ਚਾਰ ਫੁਟੇਜ ਵੀ ਦੁਬਾਰਾ ਜਾਰੀ ਕਰ ਦਿੱਤੀਆਂ ਹਨ।

ਵਰਨਣ ਯੋਗ ਹੈ ਕਿ ਇਸ ਤੋਂ ਪਹਿਲਾਂ ਨਵਜੋਤ ਸਿੰਘ ਸਿੱਧੂ ਬਰਗਾੜੀ ਵਾਲੇ ਬੇਅਦਬੀ ਕੇਸ ਵਿੱਚ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਲਗਾਤਾਰ ਨਿਸ਼ਾਨਾ ਬਣਾਉਂਦੇ ਰਹੇ ਸਨ। ਪਿਛਲੇ ਦਿਨੀਂ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਇਸ ਕੇਸ ਵਿੱਚ ਬਾਦਲ ਪਰਵਾਰ ਦੇ ਖਿਲਾਫ ਝੂਠਾਹੋ ਰਿਹਾ ਹੈ ਅਤੇ ਜੇ ਨਵਜੋਤ ਸਿੰਘ ਸਿੱਧੂ, ਕੈਪਟਨ ਅਮਰਿੰਦਰ ਸਿੰਘ ਜਾਂ ਆਮ ਆਦਮੀ ਪਾਰਟੀ ਦੇ ਆਗੂ ਭਗਵੰਤ ਮਾਨ ਕੋਲ ਬੇਅਦਬੀ ਕਾਂਡ ਸਬੰਧੀ ਕੋਈ ਸਬੂਤ ਹਨ ਤਾਂ ਉਹ ਜਨਤਾ ਸਾਹਮਣੇ ਜਾਰੀ ਕਰਨ। ਇਸੇ ਤਰ੍ਹਾਂ ਅਕਾਲੀ ਦਲ ਦੇ ਜਨਰਲ ਸਕੱਤਰ ਡਾ: ਦਲਜੀਤ ਸਿੰਘ ਚੀਮਾ ਨੇ ਸੋਸ਼ਲ



ਮੀਡੀਆ ਰਾਹੀਂ ਕਿਹਾ ਸੀ ਕਿ ਜੇ ਬੇਅਦਬੀ ਕਾਂਡ ਬਾਰੇ ਕਿਸੇ ਕੋਲ ਕੋਈ ਸਬੂਤ ਹੈ ਤਾਂ ਉਹ ਨਿੱਜੀ ਤੌਰ ਉੱਤੇ ਵੀ ਪੁਲਸ ਕੋਲ ਸ਼ਿਕਾਇਤ ਦਰਜ ਕਰਵਾ ਸਕਦਾ ਹੈ, ਪਰ ਅੱਜ ਤਕ ਅਜਿਹਾ ਕਿਸੇ ਨੇ ਨਹੀਂ ਕੀਤਾ, ਜਿਸ ਤੋਂ ਸਾਫ ਹੈ ਕਿ ਇਹ ਪ੍ਰਚਾਰ ਸਿਰਫ ਬਾਦਲ ਪਰਵਾਰ ਨੂੰ ਬਦਨਾਮ ਕਰਨ ਲਈ ਕੀਤਾ ਜਾ ਰਿਹਾ ਹੈ।

ਇਸ ਦੇ ਬਾਅਦ ਕੱਲ੍ਹ ਨਵਜੋਤ ਸਿੰਘ ਸਿੱਧੂ ਨੇ ਅਕਾਲੀ ਦਲ ਨੂੰ ਨਿਸ਼ਾਨੇ ਉੱਤੇ ਲੈਂਦਿਆਂ ਟਵੀਟ ਕੀਤਾ, 'ਜਸਟਿਸ (ਸੇਵਾਮੁਕਤ) ਜ਼ੋਰਾ ਸਿੰਘ ਕਮਿਸ਼ਨ ਦੀ ਜਾਂਚ ਵੇਲੇ ਬਾਦਲ ਰਾਜ ਵੇਲੇ ਸੀ ਸੀ ਟੀ ਵੀ ਕੈਮਰਿਆਂ ਦੀ ਫੁਟੇਜ ਲੁਕਾਈ ਗਈਸੀ, ਜਿਹੜੀਪਿੱਛੋਂ ਜਸਟਿਸ ਰਣਜੀਤ ਸਿੰਘ ਨੇ ਲੱਭ ਲਈ ਸੀ। ਮੈਂ ਉਹ ਫੁਟੇਜ ਆਮ ਲੋਕਾਂ ਲਈ ਜਾਰੀ ਕੀਤੀ ਹੈ, ਜਿਸ ਤੋਂਪਤਾ ਲੱਗਦਾ ਹੈ ਕਿ ਪੁਲਸ ਦਾ ਕੀ ਰੋਲ ਸੀ ਅਤੇ ਉਸ ਨੇ ਬਾਦਲਾਂ ਦੇ ਕਹਿਣ ਉੱਤੇ ਕਾਰਵਾਈ ਕੀਤੀ ਸੀ।' ਕਿਸੇ ਦਾ ਨਾਂਅ ਲਏ ਬਿਨਾਂ ਨਵਜੋਤ ਸਿੰਘ ਸਿੱਧੂ ਨੇ ਕਿਹਾ, 'ਤੁਸੀਂ ਦੋਸ਼ੀ ਹੋ, ਪਰ ਤੁਹਾਨੂੰ ਬਚਾਇਆ ਗਿਆ ਹੈ।' ਇਸ ਮੌਕੇ ਉਨ੍ਹਾਂ ਘਟਨਾਵਾਂ ਸਮੇਂ ਦੀਆਂ ਚਾਰ ਸੀ ਸੀ ਟੀ ਵੀ ਕੈਮਰਿਆਂ ਦੀ ਫੁਟੇਜ ਵੀ ਸਿੱਧੂ ਨੇ ਅਪਲੋਡ ਕੀਤੀ ਹੈ, ਜਿਸ ਨਾਲ ਉਹ ਦੱਸ ਰਹੇ ਹਨ ਕਿ ਕਿਵੇਂ ਪੁਲਸ ਨੇ ਪ੍ਰਦਰਸ਼ਨਕਾਰੀਆਂ ਉੱਤੇ ਬਿਨਾਂ ਕਿਸੇ ਭੜਕਾਹਟ ਤੋਂ ਕਾਰਵਾਈ ਕੀਤੀ।

ਦੂਸਰੇ ਪਾਸੇ ਪੰਜਾਬ ਦੀ ਵਿਜੀਲੈਂਸ ਵੱਲੋਂ ਸਿੱਧੂ ਸਮਰਥਕਾਂ ਖਿਲਾਫ ਮੋਰਚਾ ਖੋਲ੍ਹਣ ਉੱਤੇਨਵਜੋਤ ਸਿੰਘ ਸਿੱਧੂ ਨੇ ਇੱਕ ਟਵੀਟ ਰਾਹੀਂ ਮੁੱਖ ਮੰਤਰੀ ਨੂੰ ਸੰਬੋਧਨ ਹੁੰਦਿਆਂ ਕਿਹਾ, 'ਮੋਸਟ ਵੈਲਕਮ, ਪਲੀਜ਼ ਡੂ ਯੂਅਰ ਬੈਸਟ।'

# ਮਲੇਰਕੋਟਲਾ ਜ਼ਿਲਾ ਬਣਨ ਨਾਲ 5ਵੀਂ ਵਾਰ ਸੰਗਰੂਰ ਦੀ ਹੱਦਬੰਦੀ ਨੇ ਜ਼ਿਲ੍ਹੇ ਦੀ ਹੋਂਦ ਨੂੰ ਸੱਟ ਮਾਰੀ

ਸੰਗਰੂਰ, 17 ਮਈ (ਪੋਸਟ ਬਿਊਰੋ)- ਪੰਜਾਬ ਦਾ 23ਵਾਂ ਨਵਾਂ ਜ਼ਿਲ੍ਹਾ ਮਲੇਰਕੋਟਲਾ ਬਣਨ ਕਾਰਨ ਜ਼ਿਲ੍ਹਾ ਸੰਗਰੂਰ ਜ਼ਿਲੇ ਦੀ 5ਵੀਂ ਵਾਰ ਹਿਲਜੁਲ ਹੋਈ ਹੈ। ਆਜ਼ਾਦੀ ਤੋਂ ਪਹਿਲਾਂ ਸੰਗਰੂਰ ਫੂਲਕੀਆ ਮਿਸਲਾਂ ਵਿੱਚੋਂ ਇੱਕ ਜੀਂਦ ਰਿਆਸਤ ਦੀ ਰਾਜਧਾਨੀ ਸੀ, ਜਿਸ ਵਿੱਚ ਤਿੰਨ ਤਹਿਸੀਲਾਂ ਦਾਦਰੀ, ਜੀਂਦ ਅਤੇ ਸੰਗਰੂਰ ਸ਼ਾਮਲ ਸਨ ਤੇ ਇੱਥੇ ਡਿਪਟੀ ਕਮਿਸ਼ਨਰ ਦੀ ਥਾਂ ਪ੍ਰਧਾਨ ਮੰਤਰੀ ਦਾ ਅਹੁਦਾ ਹੁੰਦਾ ਸੀ ਅਤੇ ਗੰਗਾ ਰਾਮ ਕੌਲਾ ਪ੍ਰਧਾਨ ਮੰਤਰੀ ਸਨ। ਆਜ਼ਾਦੀ ਪਿੱਛੋਂ ਕੁਝ ਰਿਆਸਤਾਂ ਨੂੰ ਮਿਲਾ ਕੇ ਨਵਾਂ ਰਾਜ ਪੈਪਸੂ ਬਣਾਇਆ ਅਤੇ ਸੰਗਰੂਰ ਨੂੰ ਇਸ ਵਿੱਚ ਸ਼ਾਮਲ ਕੀਤਾ ਗਿਆ।

ਸੰਗਰੂਰ ਦੇ ਇਤਿਹਾਸਕਾਰ ਸੁਮੀਰ ਫੱਤਾ ਐਡਵੋਕੇਟ ਨੇ ਦੱਸਿਆ ਕਿ ਉਸ ਸਮੇਂ ਜ਼ਿਲ੍ਹਾ ਸੰਗਰੂਰ ਵਿੱਚ ਸੰਗਰੂਰ, ਸੁਨਾਮ, ਨਰਵਾਣਾ ਅਤੇ ਜੀਂਦ ਤਹਿਸੀਲਾਂ ਪੈਪਸੂ ਵਿੱਚ ਸ਼ਾਮਲ ਕੀਤੀਆਂ ਤੇ ਬਰਨਾਲਾ ਉਸ ਸਮੇਂ ਵੱਖਰਾ ਜ਼ਿਲ੍ਹਾ ਸੀ, ਜਿਸ ਵਿੱਚ ਬਰਨ-ਾਲਾ, ਧੂਰੀ, ਮਲੇਰਕੋਟਲਾ ਤੇ ਫੂਲ ਤਹਿਸੀਲਾਂ ਸ਼ਾਮਲ ਸਨ। ਫਿਰ 1 ਸਤੰਬਰ 1953 ਨੂੰ ਬਰਨਾਲਾ ਜ਼ਿਲ੍ਹਾ ਤੋੜਕੇ ਜ਼ਿਲ੍ਹਾ ਸੰਗਰੂਰ ਵਿੱਚ ਪਾ ਦਿੱਤਾ ਗਿਆ। 1956 ਵਿੱਚ ਪੈਪਸੂ ਖ਼ਤਮ ਕਰਕੇ ਪੰਜਾਬ ਵਿੱਚ ਸ਼ਾਮਲ ਕਰ ਦਿੱਤਾ ਤਾਂ ਉਸ ਸਮੇਂ ਸੰਗਰੂਰ ਜ਼ਿਲ੍ਹੇ ਵਿੱਚ ਪੰਜ ਤਹਿਸੀਲਾਂ ਸੰਗਰੂਰ, ਮਲੇਰਕੋਟਲਾ, ਬਰਨਾਲਾ, ਜੀਂਦ ਅਤੇ ਨਰਵਾਣਾ ਸਨ। ਸੁਨਾਮ ਨੂੰ ਸਬ-ਤਹਿਸੀਲ ਦਾ ਦਰਜ ਦੇ ਕੇ ਸੰਗਰੂਰ ਵਿੱਚਮਿਲਾਇਆ ਗਿਆ। ਉਨ੍ਹਾਂ ਦੱਸਿਆ ਕਿ ਕਿਸੇ ਸਮੇਂ ਜ਼ਿਲ੍ਹਾ ਸੰਗਰੂਰ ਦੀਆਂ ਹੱਦਾਂ ਦਿੱਲੀ ਨੇੜੇ ਜਾ ਪੁੱਜਦੀਆਂ ਸਨ। 1 ਨਵੰਬਰ 1966 ਨੂੰ ਨਵਾਂ ਪੰਜਾਬ ਬਣਨ ਦੇ ਨਾਲ ਜੀਂਦ ਅਤੇ ਨਰਵਾਣਾ ਦੀਆਂ ਦੋ ਤਹਿਸੀਲਾਂ ਹਰਿਆਣਾ ਵਿੱਚ ਮਿਲਾ ਦਿੱਤੀਆਂ ਗਈਆਂ ਅਤੇ ਜ਼ਿਲ੍ਹਾ ਸੰਗਰੂਰ ਵਿੱਚ ਸੰਗਰੂਰ, ਮਲੇਰਕੋਟਲਾ, ਬਰਨਾਲਾ ਅਤੇ ਧੂਰੀ ਚਾਰ ਤਹਿਸੀਲਾਂ ਰਹਿ ਗਈਆਂ। 1970 ਵਿੱਚ ਸੁਨਾਮ ਨੂੰ ਤਹਿਸੀਲ ਦੇ ਦਰਜੇ ਨਾਲ ਸੰਗਰੂਰ ਵਿੱਚ ਤਹਿਸੀਲਾਂ ਦੀ ਗਿਣਤੀ ਪੰਜ ਹੋ ਗਈ। ਸੁਮੀਰ ਫੱਤਾ ਅਨੁਸਾਰ 2006 ਵਿੱਚ ਬਰਨਾਲਾ ਵੱਖਰਾ ਜ਼ਿਲ੍ਹਾ ਬਣਾ ਦੇਣ ਨਾਲ ਸੰਗਰੂਰ ਕਾਫ਼ੀ ਛੋਟਾ ਹੋ ਗਿਆ। ਫਿਰ ਲਹਿਰਾਗਾਗਾ, ਮੂਣਕ, ਭਵਾਨੀਗੜ੍ਹ, ਦਿੜ੍ਹਬਾ ਅਤੇ ਅਹਿਮਦਗੜ੍ਹ ਨੂੰ ਤਹਿਸੀਲਾ ਦਾ ਦਰਜਾ ਦੇ ਕੇ ਸੰਗਰੂਰ ਦੀਆਂ ਤਹਿਸੀਲਾਂ ਦੀ ਗਿਣਤੀ ਵਧਾ ਕੇ 9 ਕੀਤੀ ਗਈ। ਬੀਤੇ ਹਫਤੇ 5ਵੀਂ ਵਾਰ ਸੰਗਰੂਰ ਦੀ ਹੱਦਬੰਦੀ ਵਿੱਚ ਤਬਦੀਲੀ ਨਾਲ ਇਹ ਬਹੁਤ ਛੋਟਾ ਰਹਿ ਗਿਆ ਹੈ ਕਿਉਂਕਿ ਮਲੇਰਕੋਟਲਾ ਅਤੇ ਅਹਿਮਦਗੜ੍ਹ ਤਹਿਸੀਲਾਂ ਨੂੰ ਨਵੇਂ ਬਣਾਏ ਜਾ ਰਹੇ ਜ਼ਿਲ੍ਹੇ ਮਲੇਰਕੋਟਲਾ ਵਿੱਚ ਸ਼ਾਮਲ ਕੀਤਾ ਗਿਆ ਤੇ ਅਮਰਗੜ੍ਹ ਨਵੀਂ ਤਹਿਸੀਲ ਬਣਾਈ ਜਾ ਰਹੀ ਹੈ।

# ਐਨ ਆਰ ਆਈ ਲੜਕੀ ਨਾਲ ਵਿਆਹ ਪਿੱਛੋਂ ਦਾਜ ਲਈ ਤੰਗ ਕਰਨ ਦਾ ਕੇਸ ਦਰਜ

ਜਲੰਧਰ, 17 ਮਈ (ਪੋਸਟ ਬਿਊਰੋ)- ਜਲੰਧਰ ਦਾ ਨੌਜਵਾਨ ਐਨ ਆਰ ਆਈ ਲੜਕੀ ਨਾਲ ਵਿਆਹ ਕਰ ਕੇ ਇਟਲੀ ਜਾ ਕੇ ਸੈਟਲ ਹੋ ਗਿਆ ਤਾਂ ਫਿਰਵਹੁਟੀ ਨੂੰ ਮਾਰ ਕੁੱਟ ਕਰਨ ਲੱਗਾ। ਪੰਚਾਇਤੀ ਸਮਝੌਤੇ ਦੇ ਬਾਅਦ ਵੀ ਗੱਲ ਨਹੀਂ ਬਣੀ ਤਾਂ ਲੜਕੀ ਨੇ ਪੁਲਸ ਦੇ ਐਨ ਆਰ ਆਈ ਵਿੰਗ ਦੇ ਏ ਡੀ ਜੀ ਪੀ ਨੂੰ ਸ਼ਿਕਾਇਤ ਭੇਜ ਦਿੱਤੀ।

ਐਨ ਆਰ ਆਈ ਪੁਲਸ ਨੇ ਇਸ ਕੇਸ ਦੀ ਜਾਂਚ ਕੀਤੀ ਅਤੇ ਪਤੀ ਦੇ ਖਿਲਾਫ ਦਾਜ ਲਈ ਤੰਗ ਕਰਨ ਦਾ ਕੇਸ ਦਰਜ ਕਰ ਲਿਆ ਹੈ।ਪੁਲਸ ਮੁਤਾਬਕ ਫਿਲੌਰ ਦੀ ਰਹਿਣ ਵਾਲੀ ਗੁਰਪ੍ਰੀਤ



ਕੌਰ ਇਟਲੀ ਦੀ ਪੱਕੀ ਨਾਗਰਿਕ ਹੈ। ਉਸ ਦੇ ਮਾਤਾ-ਪਿਤਾ ਵੀ ਉਥੇ ਰਹਿੰਦੇ ਹਨ। ਇਟਲੀ ਵਿੱਚ ਉਸ ਦੇ ਗੁਆਂਢ ਵਿੱਚ ਬੀੜ ਉਦੋਵਾਲ ਦੀ ਅਮਰਜੀਤ ਕੌਰ ਦਾ ਘਰ ਹੈ, ਜਿਸ ਨੇ ਆਪਣੇ ਭਰਾ ਹਰਦੀਪ ਦੇ ਰਿਸ਼ਤੇ ਦੀ ਗੱਲ ਗੁਰਪ੍ਰੀਤ ਲਈ ਚਲਾਈ ਤਾਂ ਸਹਿਮਤੀ ਪਿੱਛੋਂ ਗੁਰਪ੍ਰੀਤ ਭਾਰਤ ਆਈ ਅਤੇ 23 ਜਨਵਰੀ 2014 ਨੂੰ ਉਸ ਦਾ ਵਿਆਹ ਪਿੰਡ ਗੋਰਸੀਆ ਪੀਰਾ ਦੇ ਹਰਦੀਪ ਨਾਲ ਹੋ ਗਿਆ। ਇੱਕ ਮਹੀਨਾ ਗੁਰਪ੍ਰੀਤ ਸਹੁਰੇ ਘਰ ਰਹੀ ਅਤੇ ਫਿਰ ਇਟਲੀ ਚਲੀ ਗਈ। ਇਸ ਦੇ ਬਾਅਦ ਉਸ ਨੇ ਪਤੀ ਹਰਦੀਪ ਨੂੰ ਬੁਲਾਉਣ ਲਈ ਇਟਲੀ ਤੋਂ ਪੇਪਰ ਭੇਜੇ। ਏਥੋਂ ਤੱਕ ਹਰਦੀਪ ਠੀਕ ਰਿਹਾ। ਜਦੋਂਉਹ ਇਟਲੀ ਵਿੱਚ ਸੈਟਲ ਹੋ ਗਿਆ ਤਾਂ ਮਾਰਕੁੱਟ ਕਰਨ ਲੱਗਾ। ਗੁਰਪ੍ਰੀਤ ਨੇ ਕਿਹਾ ਕਿ ਸਹੁਰਾ ਪਰਵਾਰ ਉਸ ਤੋਂ ਪੰਜ ਲੱਖ ਕੈਸ਼ ਅਤੇ ਕਾਰ ਮੰਗ ਰਹੇ ਸਨ।

# ਲੋਕ ਇਨਸਾਫ਼ ਪਾਰਟੀ ਅਤੇ ਅਕਾਲੀ ਦਲ ਦੇ ਵਰਕਰਾਂ ਦੇ ਭੇੜ ਦੌਰਾਨ ਅਕਾਲੀ ਆਗੂ ਗੋਸ਼ਾ ਦੀ ਕੁੱਟਮਾਰ

ਲੁਧਿਆਣਾ, 17 ਮਈ (ਪੋਸਟ ਬਿਊਰੋ)- ਇਸ ਸ਼ਹਿਰ ਦੇ ਜਨਤਾ ਨਗਰ ਵਿੱਚ ਕੱਲ੍ਹ ਸਵੇਰੇ ਲੋਕ ਇਨਸਾਫ਼ ਪਾਰਟੀ ਦੇ ਮੁਖੀ ਵਿਧਾਇਕ ਸਿਮਰਜੀਤ ਸਿੰਘ ਬੈਂਸ ਅਤੇ ਯੂਥ ਅਕਾਲੀ ਦਲ ਦੇ ਸ਼ਹਿਰੀ ਪ੍ਰਧਾਨ ਗੁਰਦੀਪ ਸਿੰਘ ਗੋਸ਼ਾ ਦੇ ਸਮਰਥਕਾਂ ਵਿਚਾਲੇ ਹੋਈ ਲੜਾਈ ਦੌਰਾਨ ਵਿਧਾਇਕ ਬੈਂਸ ਨੇ ਗੋਸ਼ਾ ਦੀ ਬੁਰੀ ਤਰ੍ਹਾਂ ਕੁੱਟਮਾਰ ਕਰ ਦਿੱਤੀ।



ਪਤਾ ਲੱਗਾ ਹੈ ਕਿ ਕੱਲ੍ਹ ਜਦੋਂ ਵਿਧਾਇਕ ਸਿਮਰਜੀਤ ਸਿੰਘ ਬੈਂਸ ਜਨਤਾ ਨਗਰ ਦੀ ਸੜਕ ਦਾ ਉਦਘਾਟਨ ਕਰਨ ਲਈ ਆਪਣੇ ਸਾਥੀਆਂ ਨਾਲ ਪਹੁੰਚੇ ਤਾਂ ਇਸ ਦੌਰਾਨ ਗੁਰਦੀਪ ਸਿੰਘ ਗੋਸ਼ਾ ਵੀ ਆਪਣੇ ਸਾਥੀਆਂ ਸਮੇਤ ਉਥੇ ਆ ਗਏ ਤੇ ਉਨ੍ਹਾਂ ਨੇ ਵਿਧਾਇਕ ਬੈਂਸ ਨੂੰ ਸੜਕ ਉਸਾਰੀ ਦਾਉਦਘਾਟਨ ਕਰਨ ਤੋਂ ਰੋਕਣ ਦੀ ਕੋਸ਼ਿਸ਼ ਕੀਤੀ। ਗੋਸ਼ਾ ਦਾ ਕਹਿਣਾ ਸੀ ਕਿ ਸੜਕ ਉਸਾਰੀ ਦਾ ਕੰਮ ਅਕਾਲੀ ਸਰਕਾਰ ਨੇ ਪਾਸ ਕੀਤਾ ਸੀ,ਇਸ ਲਈ ਵਿਧਾਇਕ ਬੈਂਸ ਨੂੰ ਇਸ ਦੀ ਉਸਾਰੀ ਦਾ ਉਦਘਾਟਨ ਕਰਨ ਦਾ ਹੱਕ ਨਹੀਂ।ਇਸ ਤੋਂ ਦੋਵਾਂ ਵਿਚਾਲੇ ਤਕਰਾਰ ਹੋ ਗਿਆ ਅਤੇ ਮਾਮੂਲੀ ਗੱਲ ਨੂੰ ਸ਼ੁਰੂ ਹੋਇਆ ਇਹ ਝਗੜਾ ਓਦੋਂ ਗੰਭੀਰ ਰੂਪ ਧਾਰਨ ਕਰ ਗਿਆ, ਜਦੋਂ ਵਿਧਾਇਕ ਬੈਂਸ ਦੇ ਸਮਰਥਕ ਗੋਸ਼ਾ ਅਤੇ ਅਕਾਲੀ ਵਰਕਰਾਂ ਨਾਲ ਭਿੜ ਗਏ। ਵਿਧਾਇਕ ਬੈਂਸ ਖ਼ੁਦ ਗੋਸ਼ਾ ਦੀ ਕੁੱਟਮਾਰ ਕਰਦੇ ਨਜ਼ਰ ਆਏ। ਪੁਲਸ ਦੀ ਮੌਜੂਦਗੀ ਵਿੱਚ ਕੁੱਟਮਾਰ ਦਾ ਇਹ ਚੱਕਰ ਅੱਧਾ ਘੰਟਾ ਚਲਦਾ ਰਿਹਾ, ਜਿਸ ਦੌਰਾਨ ਦੋ ਅਕਾਲੀ ਵਰਕਰਾਂ ਦੀਆਂ ਦਸਤਾਰਾਂ ਵੀ ਲੱਥ ਗਈਆਂ।

ਬਾਅਦ ਵਿੱਚ ਵਿਧਾਇਕ ਬੈਂਸ ਸੜਕ ਦੀ ਉਸਾਰੀ ਕੰਮ ਦਾ ਉਦਘਾਟਨ ਕਰ ਕ੍ਰ ਚਲੇ ਗਏ।ਵਿਧਾਇਕ ਬੈਂਸ ਨੇ ਦੱਸਿਆ ਕਿ ਸੜਕ ਉਸਾਰੀ ਦਾ ਕੰਮ ਉਨ੍ਹਾਂ ਦੇ ਕੌਂਸਲਰ ਅਰਜਨ ਸਿੰਘ ਚੀਮਾ ਅਤੇ ਸਿਕੰਦਰ ਸਿੰਘ ਪੰਨੂ ਦੇ ਕੋਟੇ ਵਿੱਚੋਂ ਹੋਣਾ ਹੈ ਅਤੇ ਪਾਰਟੀ ਪ੍ਰਧਾਨ ਵਜੋਂ ਇਨ੍ਹਾਂ ਦੋਵਾਂ ਕੌਂਸਲਰਾਂ ਨੇ ਉਨ੍ਹਾਂ ਨੂੰ ਉਦਘਾਟਨ ਲਈ ਸੱਦਿਆ ਸੀ। ਉਨ੍ਹਾਂ ਦੱਸਿਆ ਕਿ ਇਸ ਬਾਰੇ ਪੁਲਸ ਨੂੰ ਸ਼ਿਕਾਇਤ ਦਿੱਤੀ ਹੈ। ਦੂਜੇ ਪਾਸੇ ਕੁੱਟਮਾਰ ਦਾ ਸ਼ਿਕਾਰ ਹੋਏ ਗੁਰਦੀਪ ਸਿੰਘ ਗੋਸ਼ਾ ਨੇ ਦੱਸਿਆ ਕਿ ਅਕਾਲੀ ਸਰਕਾਰ ਦੌਰਾਨ ਪਾਸ ਹੋਏ ਕੰਮਾਂ ਨੂੰ ਆਪਣੇ ਖਾਤੇ ਵਿੱਚ ਪਾ ਕੇ ਵਿਧਾਇਕ ਬੈਂਸ ਇਲਾਕੇ ਦੇ ਲੋਕਾਂ ਨੂੰ ਗੁੰਮਰਾਹ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਵਿਧਾਇਕ ਬੈਂਸ ਨੂੰ ਏਦਾਂ ਕਰਨ ਦਾ ਕੋਈ ਹੱਕ ਨਹੀਂ। ਗੋਸ਼ਾ ਨੇ ਕਿਹਾ ਕਿ ਉਹ ਵਿਧਾਇਕ ਬੈਂਸ ਨੂੰ ਸਿਰਫ਼ ਇੰਨੀ ਗੱਲ ਕਹਿਣ ਗਏ ਸਨ ਕਿ ਉਹ ਗੁੰਡਾਗਰਦੀ ਉੱਤੇ ਉਤਰ ਆਏ ਅਤੇ ਕੁੱਟਮਾਰ ਸ਼ੁਰੂ ਕਰ ਦਿੱਤੀ। ਗੋਸ਼ਾ ਨੇ ਦੱਸਿਆ ਕਿ ਇਸ ਬਾਰੇ ਉਨ੍ਹਾਂ ਨੇ ਪੁਲਸ ਨੂੰ ਸ਼ਿਕਾਇਤ ਕੀਤੀ ਹੈ। ਥਾਣਾ ਡਵੀਜ਼ਨ ਨੰਬਰ ਛੇ ਦੇ ਐਸ ਐਚ ਓ ਅਮਨਦੀਪ ਸਿੰਘ ਬਰਾੜ ਨੇ ਦੱਸਿਆ ਕਿ ਪੁਲਸ ਵੱਲੋਂ ਕੇਸ ਦੀ ਜਾਂਚ ਕੀਤੀ ਜਾ ਰਹੀ ਹੈ ਅਤੇ ਜਾਂਚ ਦੌਰਾਨ ਜਿਹੜਾ ਵੀ ਦੋਸ਼ੀ ਪਾਇਆ ਗਿਆ, ਉਸ ਦੇ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇਗੀ।

Steinmetz & Associates

PERSONAL INJURY LAWYERS



Harry Steinmetz
Certified as Specialist
by the Law Society of
Ontario in Civil Litigation
(with over 27yrs. of experience)



BOBBY SIDHU
partner
(Serving the Community for Over 16 yrs.)

ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?

ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੋ ਬਾਅਦ

ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।

ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੌਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।

If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust

You only pay upon settlement

GURSHARAN BOBBY SIDHU
647.539.3020

1450 Meyerside Drive, Suite 308, Mississauga | 2 OFFICES TO SERVE YOU | 55 St. Clair Ave., West, Toronto

email: bsidhu@steinmetzlawyers.ca website: www.steinmetzlawyers.ca

# ਮਲੇਰਕੋਟਲਾ ਮਾਮਲੇ ਵਿੱਚ ਸੋਮ ਪ੍ਰਕਾਸ਼ ਦੇ ਟਵੀਟ ਨਾਲ ਖਲਬਲੀ ਮਚੀ

## * ਜ਼ਿਲਾ ਬਣਾਉਣ ਦੇ ਕੇਸ ਵਿੱਚ ਕੈਪਟਨ ਦੀ ਹਮਾਇਤ

ਜਲੰਧਰ, 17 ਮਈ (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਈਦਮੌਕੇ ਪੰਜਾਬ ਵਿੱਚ 23ਵੇਂ ਜ਼ਿਲ੍ਹੇਵਜੋਂ ਮਾਲੇਰਕੋਟਲੇ ਦੇ ਨਾਂ ਦਾ ਐਲਾਨ ਕੀਤਾ। ਇਸ ਫ਼ੈਸਲੇ ਦੇ ਰਾਜਨੀਤਕ ਅਰਥਾਂ ਬਾਰੇ ਭਾਜਪਾ ਦੇ ਕਾਂਗਰਸ ਦੇ ਲੀਡਰਾਂ ਵਿਚਾਲੇ ਬਿਆਨਬਾਜ਼ੀ ਹੋਰ ਹੀ ਹੈ, ਬਾਕੀ ਰਾਜਨੀਤਕ ਪਾਰਟੀਆਂ ਚੁੱਪ ਸਨ।

ਪਹਿਲਾਂ ਭਾਜਪਾ ਦੇ ਸੀਨੀਅਰ ਨੇਤਾ ਅਤੇ ਉਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿਤਿਆਨਾਥ ਨੇ ਇੱਕ ਟਵੀਟ ਕਰ ਕੇ ਇਸ ਪੂਰੇ ਕੇਸ ਵਿੱਚ ਖਲਬਲੀ ਮਚਾ ਦਿੱਤੀ ਸੀ। ਉਨ੍ਹਾ ਨੇ ਟਵੀਟ ਵਿੱਚ ਲਿਖਿਆ ਕਿ ਰਾਏ ਤੇ ਧਰਮ ਦੇ ਆਧਾਰ ਉੱਤੇ ਕਿਸੇ ਤਰ੍ਹਾਂ ਦਾ ਫਰਕ ਭਾਰਤ ਅਤੇ ਸੰਵਿਧਾਨ ਦੀ ਮੂਲ ਭਾਵਨਾ ਦੇ ਉਲਟ ਹੈ, ਇਸ



ਲਈ ਮਾਲੇਰਕੋਟਲਾ ਜ਼ਿਲੇ ਦਾ ਗਠਨ ਕੀਤਾ ਜਾਣਾ ਕਾਂਗਰਸ ਦੀ ਵੰਡ ਵਾਲੀ ਕਾਰਜਨੀਤੀ ਦਾ ਸੂਚਕ ਹੈ। ਆਦਿਤਿਅਨਾਥ ਦੇ ਇਸ ਬਿਆਨ ਮਗਰੋਂ ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਕਿਹਾ ਕਿ ਯੋਗੀ ਆਦਿਤਿਅਨਾਥ ਇਸਨੂੰ ਬੇਵਜਾਹ ਕਿਸੇ ਧਰਮ ਨਾਲ ਜੋੜ ਰਹੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਦੇ ਸੱਭਿਆਚਾਰ ਜਾਂ ਮਾਲੇਰਕੋਟਲੇ ਦੀ ਇਤਿਹਾਸ ਬਾਰੇ ਯੋਗੀ ਜਾਣਦੇ ਕੀ ਹਨ, ਜਿਸ ਦਾ ਸਿੱਖ ਧਰਮ ਤੇ ਉਨ੍ਹਾਂ ਦੇ ਗੁਰਦੁਆਰਿਆਂ ਨਾਲ ਸੰਬੰਧ ਹੈ ਅਤੇ ਹਰ ਪੰਜਾਬੀ ਨੂੰ ਇਸਦਾ ਪਤਾ ਹੈ। ਯੋਗੀ ਦਾ ਇਹ ਟਵੀਟ ਜਲਦਬਾਜ਼ੀ ਵਿੱਚ ਆਇਆ ਸੀ, ਪਰ ਇਸ 'ਤੇ ਪੰਜਾਬ ਦੇ ਭਾਜਪਾ ਨੇਤਾਵਾਂ ਨੇ ਬਿਆਨਬਾਜ਼ੀ ਸ਼ੁਰੂ ਕਰ ਦਿਤੀ, ਜਿਹੜੀ ਪੰਜਾਬ ਦੇ ਮੁਸਲਿਮ ਵੋਟ ਬੈਂਕ ਦੀ ਨਾਰਾਜ਼ਗੀ ਮੁੱਲ ਲੈਣ ਵਾਲੀ ਗੱਲ ਸੀ। ਉਤਰ ਪ੍ਰਦੇਸ਼ ਅਤੇ ਪੰਜਾਬ ਦੇ ਮੁਸਲਮਾਨ ਵੋਟ ਬੈਂਕ ਵਿੱਚਫਰਕ ਹੈ ਅਤੇ ਇਹ ਗੱਲ ਪੰਜਾਬ ਦੇ ਭਾਜਪਾ ਨੇਤਾ ਜਾਣਦੇ ਹਨ, ਜਦ ਕਿ ਯੋਗੀ ਇਸ ਤੋਂ ਅਣਜਾਣ ਸਨ।

ਇਸ ਕੇਸ ਵਿੱਚ ਨਵਾਂ ਮੋੜ ਓਦੋਂ ਆਇਆ, ਜਦੋਂ ਪੰਜਾਬ ਭਾਜਪਾ ਦੇ ਸੀਨੀਅਰ ਨੇਤਾ ਅਤੇ ਕੇਂਦਰੀ ਰਾਜ ਮੰਤਰੀ ਸੋਮ ਪ੍ਰਕਾਸ਼ ਨੇ ਟਵੀਟ ਕਰ ਕੇਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਹਮਾਇਤ ਕੀਤੀ।ਸੋਮ ਪ੍ਰਕਾਸ਼ ਨੇ ਲਿਖਿਆ ਕਿ ਮਾਲੇਰਕੋਟਲਾ ਨੂੰ ਜ਼ਿਲ੍ਹਾ ਬਣਾਇਆ ਜਾਣਾ ਮਾਲੇਰਕੋਟਲੇ ਦੇ ਨਵਾਬ ਸ਼ੇਰ ਮੁਹੰਮਦ ਖ਼ਾਨ ਨੂੰ ਸੱਚੀ ਸ਼ਰਧਾਂਜਲੀ ਹੈ, ਜਿਨ੍ਹਾਂ ਨੇ ਦੋ ਸਾਹਿਬਜ਼ਾਦਿਆਂ ਲਈ ਹਾਅ ਦਾ ਨਾਅਰਾ ਮਾਰਿਆ ਸੀ। ਭਾਜਪਾ ਦੇ ਨੇਤਾਵਾਂ ਦੇ ਵੱਖ-ਵੱਖ ਟਵੀਟ ਭਾਜਪਾ ਦਾ ਵੱਖੋ-ਵੱਖ ਚਿਹਰਾ ਵਿਖਾ ਰਹੇ ਹਨ। ਇੱਕ ਨੇਤਾ ਇਸ ਉੱਤੇ ਵਿਰੋਧ ਕਰਦਾ ਹੈ, ਦੂਸਰਾ ਮੁੱਖ ਮੰਤਰੀ ਦੀ ਹਮਾਇਤ ਕਰਦਾ ਹੈ। ਦੋਹਰੀ ਸੋਚ ਵਿੱਚ ਫਸੀ ਪੰਜਾਬ ਭਾਜਪਾ ਨੂੰ ਸ਼ਾਇਦ ਸਮਝ ਨਹੀਂ ਆ ਰਿਹਾ ਕਿ ਉਹ ਕਿਸ ਦਾ ਪੱਖ ਪੂਰੇ।

ਵਰਕਰ ਦੀ ਲੋੜ

ਹੋਟਲ ਵਿਚ ਕਲੀਨਿੰਗ ਦਾ ਕੰਮ ਕਰਨ ਲਈ ਵਰਕਰ ਦੀ ਜ਼ਰੂਰਤ ਹੈ Dundas ਅਤੇ Hwy 27 ਦਾ ਏਰੀਆ, $16/hr ਦਿੱਤੇ ਜਾਣਗੇ, Full Time/Part Time ਕੰਮ।

ਸੰਪਰਕ: 416-816-1695

## ਔਰਤ ਨੂੰ ਰੁਮਾਲ ਸੁੰਘਾ ਕੇ ਗੱਲੀਂ ਲਾ ਕੇ ਸੋਨੇ ਦਾ ਕੜਾ ਲੁੱਟ ਲਿਆ

ਮਲਸੀਆਂ, 17 ਮਈ (ਪੋਸਟ ਬਿਊਰੋ)- ਏਥੇ ਨਵਦੁਰਗਾ ਮੰਦਰ ਨੇੜੇ ਇੱਕ ਔਰਤ ਨੂੰ ਗੱਲਾਂ ਵਿੱਚ ਲਾ ਕੇ ਇੱਕ ਔਰਤ ਸਮੇਤ ਤਿੰਨ ਲੋਕਾਂ ਨੇ ਉਸ ਤੋਂ ਡੇਢ ਤੋਲੇ ਸੋਨੇ ਦਾ ਕੜਾ ਲੁੱਟ ਲਿਆ।

ਪੀੜਤ ਕਿਰਨ ਰਾਣੀ ਵਾਸੀ ਖੁਰਮਪੁਰ ਨੇ ਦੱਸਿਆ ਕਿ ਉਹਐਤਵਾਰ ਸ਼ਾਮ ਆਪਣੇ ਘਰੋਂ ਥੋੜ੍ਹੀ ਦੂਰ ਨਵਦੁਰਗਾ ਮੰਦਰ ਵਿੱਚ ਮੱਥਾ ਟੇਕਣ ਜਾ ਰਹੀ ਸੀ।ਉਸ ਨੂੰ ਇੱਕ ਬਜ਼ੁਰਗ ਵਿਅਕਤੀ ਨੇ ਬੁਲ-ਾਇਆ ਅਤੇ ਰੁਕਣ ਉੱਤੇ ਉਸ ਦੇ ਕੋਲ ਇੱਕ ਮੋਟਰ ਸਾਈਕਲ ਆ ਕੇ ਰੁਕੀ, ਜਿਸ ਉੱਤੇ ਇੱਕ ਹੋਰ ਬਜ਼ੁਰਗ ਤੇ ਇੱਕ ਔਰਤ ਸਵਾਰ ਸੀ। ਮੋਟਰ ਸਾਈਕਲ ਦੇ ਪਿੱਛੇ ਬੈਠੀ ਔਰਤ ਨੇ ਉਸ ਦੇ ਮੂੰਹ ਦੇ ਨੇੜੇ ਰੁਮਾਲ ਘੁਮਾ ਕੇ ਕਿਹਾ ਕਿ ਤੁਸੀਂ ਬਹੁਤ ਕਿਸਮਤ ਵਾਲੇ ਹੋ, ਜੋ ਬਾਬਾ ਜੀ ਨੇ ਤੁਹਾਨੂੰ ਬੁਲਾਇਆ ਹੈ। ਉਸ ਦੇ ਬਾਅਦ ਔਰਤ ਨੇ ਕਿਹਾ ਕਿ ਮੈਂ ਬਾਬਾ ਜੀ ਨੂੰ ਆਪਣਾ ਕੜਾ ਲਾਹ ਕੇ ਦੇ ਦਿੱਤਾ ਹੈ, ਤੁਸੀਂ ਵੀ ਆਪਣਾ ਕੜਾ ਦੇ ਦਿਓ। ਔਰਤ ਨੇ ਦੱਸਿਆ ਉਸ ਨੂੰ ਪਤਾ ਨਹੀਂ ਕੀ ਹੋਇਆ ਕਿ ਉਸ ਨੇ ਸੋਨੇ ਦਾ ਕੜਾ ਲਾਹ ਕੇ ਉਸ ਔਰਤ ਨੂੰ ਦੇ ਦਿੱਤਾ। ਔਰਤ ਨੇ ਉਸ ਨੂੰ ਇੱਕ ਰੁਮਾਲ ਦਿੱਤਾ ਅਤੇ ਕਿਹਾ ਕਿ ਰੁਮਾਲ ਨੂੰ ਮੰਦਰ ਵਿੱਚ ਜਾ ਕੇ ਖੋਲ੍ਹਣਾ, ਉਸ ਦਾ ਕੜਾ ਉਸੇ ਵਿੱਚ ਹੈ। ਜਦ ਮੰਦਰ ਜਾ ਕੇ ਰੁਮਾਲ ਖੋਲ੍ਹ ਕੇ ਦੇਖਿਆ ਤਾਂ ਉਸ ਵਿੱਚ ਪੱਥਰ ਸਨ। ਬਾਹਰ ਆਈ ਤਾਂ ਠੱਗ ਫਰਾਰ ਹੋ ਚੁੱਕੇ ਸਨ। ਪੀੜਤ ਔਰਤ ਦੇ ਬੇਟੇ ਵਿਵੇਕ ਗੁਪਤਾ ਨੇ ਕਿਹਾ ਕਿ ਉਕਤ ਘਟਨਾ ਸਬੰਧੀ ਪੁਲਸ ਚੌਕੀ ਮਲਸੀਆਂ ਵਿੱਚ ਸੂਚਨਾ ਦੇ ਦਿੱਤੀ ਗਈ ਹੈ ਅਤੇ ਪੁਲਸ ਇਸ ਦੀ ਜਾਂਚ ਕਰ ਰਹੀ ਹੈ।

ਕੇਂਦਰ ਵੱਲੋਂ ਰਾਜਾਂ ਨੂੰ ਹੁਕਮ

# ਗੰਗਾ ਵਿੱਚ ਲਾਸ਼ਾਂ ਨਾ ਵਹਾਓ, ਸਨਮਾਨ ਨਾਲ ਅੰਤਿਮ ਸੰਸਕਾਰ ਕਰੋ



ਨਵੀਂ ਦਿੱਲੀ, 17 ਮਈ (ਪੋਸਟ ਬਿਊਰੋ)- ਗੰਗਾ ਨਦੀ ਵਿੱਚ ਲਾਸ਼ਾਂ ਵਹਾਉਣ ਬਾਰੇ ਕੇਂਦਰ ਸਰਕਾਰ ਨੇ ਗੰਭੀਰ ਚਿੰਤਾ ਜ਼ਾਹਰ ਕਰਦੇ ਹੋਏ ਉਤਰ ਪ੍ਰਦੇਸ਼, ਬਿਹਾਰ ਅਤੇ ਹੋਰ ਰਾਜਾਂ ਨੂੰ ਤੁਰੰਤ ਇਸ ਉਤੇ ਰੋਕਥਾਮ ਦੇ ਨਿਰਦੇਸ਼ ਦਿੱਤੇ ਹਨ ਅਤੇਕਿਹਾ ਹੈ ਕਿ ਇਹ ਯਕੀਨੀ ਕਰੋ ਕਿ ਗੰਗਾ ਵਿੱਚ ਲਾਸ਼ਾਂ ਨੂੰ ਵਹਾਇਆ ਜਾਏ। ਸਾਰੇ ਥਾਂਈਂ ਲਾਸ਼ਾਂ ਦੇ ਸਨਮਾਨ ਨਾਲ ਅਤੇ ਸੁਰੱਖਿਅਤ ਅੰਤਿਮ ਸਰਕਾਰ ਦੀ ਵਿਵਸਥਾ ਕੀਤੀ ਜਾਏ। ਕੇਂਦਰ ਨੇ ਹਾਲੇ ਇਹ ਸਖਤੀ ਕੋਰੋਨਾ ਕਾਰਨ ਹੋ ਰਹੀਆਂ ਮੌਤਾਂ ਦੇ ਬਾਅਦ ਲਾਸ਼ਾਂ ਨੂੰ ਗੰਗਾ ਨਦੀ ਵਿੱਚ ਸੁੱਟੇ ਜਾਣ ਦੀਆਂ ਖਬਰਾਂ ਦੇ ਕਾਰਨ ਦਿਖਾਈ ਹੈ।

ਕੇਂਦਰੀ ਪ੍ਰਦੂਸ਼ਣ ਕੰਟਰੋਲ ਬੋਰਡ (ਸੀ ਪੀ ਸੀ ਬੀ) ਨੇ ਸਾਰੇ ਰਾਜਾਂ ਦੇ ਪ੍ਰਦੂਸ਼ਣ ਬੋਰਡਾਂ ਨੂੰ ਨਿਰਦੇਸ਼ ਦਿੱਤੇ ਹਨ ਕਿ ਉਹ ਗੰਗਾ ਸਮੇਤ ਸਭ ਨਦੀਆਂ ਵਿੱਚ ਲਾਸ਼ਾਂ ਨੂੰ ਵਹਾਏ ਜਾਣ ਦੀਆਂ ਘਟਨਾਵਾਂ ਨੂੰ ਰੋਕਣ। ਗੰਗਾ ਵਿੱਚ ਲਾਸ਼ਾਂ ਰੋੜ੍ਹਨਦੀ ਘਟਨਾ ਨੂੰ ਕੇਂਦਰੀ ਜਲ ਸ਼ਕਤੀ ਮੰਤਰਾਲੇ ਨੇ ਵੀ ਗੰਭੀਰਤਾ ਨਾਲ ਲਿਆ ਹੈ। ਮੰਤਰਾਲੇ ਦੇ ਸੈਕਟਰੀ ਪੰਕਜ ਕੁਮਾਰ ਨੇ ਉਤਰ ਪ੍ਰਦੇਸ਼ ਅਤੇ ਬਿਹਾਰ ਦੇ ਅਧਿਕਾਰੀਆਂ ਨਾਲ ਚਰਚਾ ਕੀਤੀ ਅਤੇ ਪਿਛਲੇ ਦਿਨੀਂ ਇਸ ਬਾਰੇ ਦਿੱਤੇ ਗਏ ਨਿਰਦੇਸ਼ਾਂ ਦੇ ਪਾਲਣ ਦੀ ਜਾਣਕਾਰੀ ਲਈ। ਇਨ੍ਹਾਂ ਦੋਵਾਂ ਰਾਜਾਂ ਨੇ ਲਾਸ਼ਾਂ ਦੇ ਅੰਤਿਮ ਸੰਸਕਾਰ ਬਾਰੇ ਕੀਤੀ ਵਿਵਸਥਾ ਦੀ ਜਾਣਕਾਰੀ ਦਿੱਤੀ ਅਤੇ ਦੱਸਿਆ ਕਿ ਉਹ ਨਦੀਆਂ ਦੇ ਕਿਨਾਰਿਆਂ ਉਤੇ ਲਗਾਤਾਰ ਨਿਗਰਾਨੀ ਰੱਖ ਰਹੇ ਹਨ। ਇਸ ਦੌਰਾਨ ਨਦੀਆਂ ਦੇ ਆਸਪਾਸ ਰਹਿੰਦੇ ਲੋਕਾਂ ਨੂੰ ਇਸ ਬਾਰੇ ਜਾਗਰੂਕ ਕਰਨ ਦੀ ਸਹਿਮਤੀ ਬਣੀ। ਸਾਰਿਆਂ ਦੀ ਚਿੰਤਾ ਪਾਣੀ ਵਿੱਚ ਫੈਲਣ ਵਾਲੇ ਪ੍ਰਦੂਸ਼ਣ ਬਾਰੇ ਸੀ। ਪਿਛਲੇ ਦਿਨੀਂ ਕਾਨਪੁਰ ਨੇੜੇ ਨਦੀ ਵਿੱਚੋਂ ਵੱਡੀ ਗਿਣਤੀ ਵਿੱਚ ਲਾਸ਼ਾਂ ਮਿਲੀਆਂ ਸਨ। ਉਸ ਦੇ ਬਾਅਦ ਰਾਜਨੀਤੀ ਵੀ ਗਰਮਾਈ ਅਤੇ ਇੱਕ ਦੂਜੇ ਉੱਤੇ ਦੋਸ਼ ਲਗਾਉਣ ਦਾ ਸਿਲਸਿਲਾ ਵੀ ਤੇਜ਼ ਹੋਇਆ।

# ਆਮ ਆਦਮੀ ਪਾਰਟੀ ਨੇ ਮੋਦੀ ਦੀ ਆਲੋਚਨਾ ਵਾਲੇ ਪੋਸਟਰ ਲਾਉਣ ਦੀ ਜ਼ਿੰਮੇਵਾਰੀ ਲਈ




ਨਵੀਂ ਦਿੱਲੀ, 17 ਮਈ (ਪੋਸਟ ਬਿਊਰੋ)- ਆਮ ਆਦਮੀ ਪਾਰਟੀ ਨੇ ਕੱਲ੍ਹ ਇੱਥੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਆਲੋਚਨਾ ਕਰਨ ਵਾਲੇ ਪੋਸਟਰ ਉਨ੍ਹਾਂ ਨੇ ਲਗਵਾਏ ਸਨ। ਉਨ੍ਹਾ ਕਿਹਾ ਕਿ ਉਨ੍ਹਾਂ ਦੇ ਕਈ ਵਰਕਰਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ ਤੇ ਸੈਂਕੜੇ ਹੋਰਾਂ ਨੂੰ ਦਿੱਲੀ ਪੁਲਸ ਪ੍ਰੇਸ਼ਾਨ ਕਰ ਰਹੀ ਹੈ।

ਵਰਨਾ ਯੋਗ ਹੈ ਕਿ ਵੈਕਸੀਨ ਮਾਮਲੇ ਉਤੇ ਮੋਦੀ ਦੀ ਆਲੋਚਨਾ ਕਰਨ ਵਾਲੇ ਕਈ ਪੋਸਟਰ ਦਿੱਲੀ ਵਿੱਚ ਲੱਗੇ ਸਨ। ਇਸ ਤੋਂ ਬਾਅਦ ਦਿੱਲੀ ਪੁਲਸ ਨੇ ਕਈ ਗ੍ਰਿਫਤਾਰੀਆਂ ਕੀਤੀਆਂ ਸਨ। ਆਮ ਆਦਮੀ ਪਾਰਟੀ ਦੇ ਆਗੂ ਦੁਰਗੇਸ਼ ਪਾਠਕ ਨੇ ਕੇਂਦਰ ਸਰਕਾਰ ਨੂੰ ਚੁਣੌਤੀ ਦਿੰਦਿਆਂ ਕਿਹਾ ਕਿ ਜਿਨ੍ਹਾਂ ਨੂੰ ਗ੍ਰਿਫਤਾਰ ਕੀਤਾ ਹੈ। ਉਹ ਗਰੀਬ ਵਿਅਕਤੀ ਹਨ ਤੇ ਆਪਣੀ ਰੋਜ਼ੀ-ਰੋਟੀ ਚਲਾਉਣ ਲਈ ਪੋਸਟਰ ਲਾਉਣ ਦਾ ਕੰਮ ਕਰਦੇ ਸਨ, ਪੋਸਟਰ ਅਸੀਂ ਲਗਾਏ ਹਨ ਤੇ ਦਿੱਲੀ ਪੁਲਸ ਸਾਨੂੰ ਗ੍ਰਿਫਤਾਰ ਕਰੇ।ਪਾਠਕ ਨੇ ਕਿਹਾ ਕਿ ਪਾਰਟੀ ਪੁਲਸ ਕਾਰਵਾਈ ਤੋਂ ਡਰੇਗੀ ਨਹੀਂ ਅਤੇ ਇਹ ਪੋਸਟਰ ਪੂਰੇ ਸ਼ਹਿਰ ਅਤੇ ਦੇਸ਼ ਵਿੱਚ ਲਵਾਏ ਜਾਣਗੇ। ਪਾਠਕ ਨੇ ਕਿਹਾ, ਦੇਸ਼ ਦੀ ਐਨੀ ਬੁਰੀ ਹਾਲਤ ਕਦੇ ਵੀ ਨਹੀਂ ਸੀ। ਹਰ ਪਾਸੇ ਲਾਸ਼ਾਂ ਹਨ ਤੇ ਲੋਕ ਵੈਕਸੀਨ ਤੇ ਇਲਾਜ ਲਈ ਧੱਕੇ ਖਾ ਰਹੇ ਹਨ, ਪਰ ਪ੍ਰਧਾਨ ਮੰਤਰੀ ਮੋਦੀ ਨੇ ਕਰੋੜਾਂ ਟੀਕੇ ਵਿਦੇਸ਼ ਭੇਜ ਦਿੱਤੇ।

# ਕੋਵਿਡ ਦੀ ਦੂਜੀ ਲਹਿਰ ਦੌਰਾਨ ਟਰੈਕਟਰਾਂ ਦੀ ਵਿਕਰੀ ਪ੍ਰਭਾਵਿਤ ਹੋਣ ਦਾ ਖਤਰਾ

ਨਵੀਂ ਦਿੱਲੀ, 17 ਮਈ (ਪੋਸਟ ਬਿਊਰੋ)- ਭਾਰਤ ਵਿੱਚ ਕੋਵਿਡ-19 ਮਹਾਂਮਾਰੀ ਦੀ ਦੂਸਰੀ ਲਹਿਰ ਦੌਰਾਨ ਪਿੰਡਾਂ ਦੇ ਪ੍ਰਭਾਵਿਤ ਹੋਣ ਨਾਲ ਛੋਟੀ ਮਿਆਦ ਵਿੱਚ ਟਰੈਕਟਰਾਂ ਦੀ ਵਿਕਰੀ ਪ੍ਰਭਾਵਿਤ ਹੋਵੇਗੀ।

ਚਾਲੂ ਵਿੱਤੀ ਸਾਲ ਦੀ ਦੂਜੀ ਛਿਮਾਹੀ ਵਿੱਚ ਸਥਿਤੀ ਬਿਹਤਰ ਹੋਣ ਅਤੇ ਤੇਜ਼ੀ ਦੀ ਆਸ ਹੈ ਅਤੇ ਉਦਯੋਗ ਵਿੱਚ ਸਿੰਗਲ ਡਿਜਿਟ ਹੀ ਸਹੀ, ਪਰ ਵਾਧਾ ਹੋਵੇਗਾ। ਖੇਤੀਬਾੜੀ ਜੰਤਰ ਬਣਾਉਣ ਵਾਲੀ ਐਸਕਾਰਟਸ ਦੇ ਇੱਕ ਉਚ ਅਧਿਕਾਰੀ ਨੇ ਇਹ ਗੱਲ ਕਹੀ ਹੈ।ਕੰਪਨੀ ਦਾ ਜਾਪਾਨ ਦੀ ਕੁਬੋਤਾ ਨਾਲ ਸਾਂਝਾ ਉਦਮ ਹੈ। ਉਹ 2021-22 ਵਿੱਚ ਐਕਸਪੋਰਟ ਵਿੱਚ 55 ਫ਼ੀਸਦੀ ਵਾਧੇ ਦੀ ਆਸ ਕਰਦੀ ਹੈ। ਐਕਸਪੋਰਟ ਵਿੱਚ ਯੂਰਪ ਦਾ ਪ੍ਰਮੁੱਖ ਹਿੱਸਾ ਹੋਵੇਗਾ। ਇਸ ਤੋਂ ਇਲਾਵਾ ਕੰਪਨੀ ਦੀ ਦੱਖਣ-ਪੂਰਬੀ ਏਸ਼ੀਆ ਅਤੇ ਬ੍ਰਾਜ਼ੀਲ ਦੇ ਬਾਜ਼ਾਰਾਂ ਵਿੱਚ ਵੀ ਆਪਣੇ ਭਾਈਵਾਲਾਂ ਦੇ ਜ਼ਰੀਏ ਦਸਤਕ ਦੇਣ ਦੀ ਯੋਜਨਾ ਹੈ। ਐਸਕਾਰਟਸ ਲਿਮਿਟਿਡ ਦੇ ਸੀ ਐਫ ਓ (ਮੁੱਖ ਵਿੱਤ ਅਧਿਕਾਰੀ) ਭਰਤ ਮਦਨ ਨੇ ਕਿਹਾ, ‘‘ਕੋਵਿਡ-19 ਦੇ ਪਹਿਲੇ ਪੜਾਅ ਵਿੱਚ ਪਿੰਡਾਂ ਵਿੱਚ ਅਸਰ ਨਹੀਂ ਸੀ, ਪਰ ਇਸ ਵਾਰ ਇਹ ਪਿੰਡਾਂ ਤਕ ਚਲਾ ਗਿਆ ਹੈ। ਇਹ ਨਾ ਸਿਰਫ਼ ਸ਼ਹਿਰੀ ਖੇਤਰਾਂ ਨੂੰ ਪ੍ਰਭਾਵਿਤ ਕਰ ਰਿਹਾ ਹੈ, ਸਗੋਂ ਰਾਜਾਂ ਵੱਲੋਂ ਆਪਣੇ ਪੱਧਰ ਉਤੇ ਲਾਏ ‘ਲਾਕਡਾਊਨ’ ਦੀ ਵਜ੍ਹਾ ਨਾਲ ਸ਼ੋ-ਰੂਮ ਅਤੇ ਸਹਿਯੋਗੀ ਹਿੱਸੇਦਾਰਾਂ ਦੀਆਂ ਦੁਕਾਨਾਂ ਵੀ ਬੰਦ ਹਨ। ਨਿਸ਼ਚਿਤ ਰੂਪ ਵਿੱਚ ਇਸ ਦਾ ਸਾਰਿਆਂ ਉਤੇ ਗੰਭੀਰ ਪ੍ਰਭਾਵ ਪਵੇਗਾ।'' ਉਨ੍ਹਾਂ ਨੂੰ ਪੁੱਛਿਆ ਗਿਆ ਸੀ ਕਿ ਮਹਾਂਮਾਰੀ ਦੀ ਦੂਜੀ ਲਹਿਰ ਦਾ ਟਰੈਕਟਰ ਵਿਕਰੀ ਉਤੇ ਕੀ ਅਸਰ ਪਵੇਗਾ। ਉਨ੍ਹਾਂ ਕਿਹਾ, ‘‘ਮੈਨੂੰ ਲੱਗਦਾ ਹੈ ਕਿ ਛੋਟੀ ਮਿਆਦ ਵਿੱਚ ਇਸ ਦਾ ਅਸਰ ਹੋਵੇਗਾ। ਪਹਿਲੀ ਤਿਮਾਹੀ ਵਿੱਚ ਇਸ ਦਾ ਪ੍ਰਭਾਵ ਨਿਸ਼ਚਿਤ ਰੂਪ ਵਿੱਚ ਪਵੇਗਾ, ਪਰ ਦੂਜੀ ਛਿਮਾਹੀ ਵਿੱਚ ਪਿਛਲੇ ਸਾਲ ਵਾਂਗ ਮੰਗ ਆਉਣੀ ਚਾਹੀਦੀ ਹੈ।

## ਐਸ ਪੀ ਦਫਤਰ ਲਾਗੇ ਕਤਲ ਦੇ ਦੋਸ਼ੀ ਦਾ ਵਿਆਹ ਹੁੰਦਾ ਰਿਹਾ

ਅਮੇਠੀ, 17 ਮਈ (ਪੋਸਟ ਬਿਊਰੋ)- ਪੁਲਸ ਮਿਹਰਬਾਨ ਹੋਵੇ ਤਾਂ ਕਤਲ ਵਰਗੇ ਸੰਗੀਨ ਕੇਸ ਵੀ ਮਾਇਨੇ ਨਹੀਂ ਰੱਖਦੇ। ਪੰਦਰਾਂ ਕੁ ਦਿਨ ਪਹਿਲਾਂ ਅਮੇਠੀ ਵਿੱਚ ਕੋਤਵਾਲੀ ਦੇ ਮਹਾਰਾਜਪੁਰ ਬਾਜ਼ਾਰ ਵਿੱਚ ਦਿਨ ਦਿਹਾੜੇ ਕਤਲ ਦਾ ਦੋਸ਼ੀ ਬੇਖੌਫ ਘੁੰਮਦਾ ਰਿਹਾ। ਦੋਸ਼ ਹੈ ਕਿ ਪੁਲਸ ਉਸ ਨੂੰ ਸੁਰੱਖਿਆ ਦਿੰਦੀ ਰਹੀ। ਨਤੀਜੇ ਵਜੋਂ ਕਾਤਲ ਨੇ ਐਸ ਪੀ ਦਫਤਰ ਦੇ ਲਾਗੇ ਮੈਰਿਜ ਹਾਲ ਵਿੱਚ ਆਪਣੇ ਵਿਆਹ ਕੀਤਾ ਅਤੇ ਦਾਵਤ ਦਿੱਤੀ।

ਇਸ ਬਾਰੇ ਪੀੜਤਾਂ ਨੇ ਪੁਲਸ ਨੂੰ ਸੂਚਨਾ ਦਿੱਤੀ, ਪਰ ਪੁਲਸ ਦੀ ਨੀਂਦ ਨਹੀਂ ਟੁੱਟੀ।ਤੀਹ ਅਪ੍ਰੈਲ ਦੁਪਹਿਰ ਬਾਅਦ ਕੋਤਵਾਲੀ ਦੇ ਤਾਲਾ ਪਿੰਡ ਦੇ ਰਾਹੁਲ ਸਿੰਘ ਉੱਤੇ ਮਹਾਰਾਜਪੁਰ ਬਾਜ਼ਾਰ ਵਿੱਚ ਹਮਲਾਵਰਾਂ ਨੇ ਹਮਲਾ ਕੀਤਾ ਤੇ ਗੋਲੀ ਮਾਰ ਦਿੱਤੀ ਸੀ। ਜ਼ਖਮੀ ਨੌਜਵਾਨ ਦੀ ਇਲਾਜ ਦੌਰਾਨ ਮੌਤ ਹੋ ਗਈ ਤਾਂ ਪਿੱਛੋਂ ਮ੍ਰਿਤਕ ਦੇ ਪਿਤਾ ਨਰਿੰਦਰ ਬਹਾਦੁਰ ਸਿੰਘ ਦੀ ਸ਼ਿਕਾਇਤ ਉੱਤੇ ਨੌਂ ਜਣਿਆਂ ਉੱਤੇ ਕਤਲ ਕੇਸ ਦਰਜ ਕੀਤਾ ਗਿਆ, ਜਿਸ ਵਿੱਚ ਸ਼ਾਂਤਨੂ ਸ਼ੁਕਲਾ ਦਾ ਨਾਂਅ ਵੀ ਸ਼ਾਮਲ ਹੈ। ੂਕਰਵਾਰ (14 ਮਈ) ਸ਼ਾਮ ਐਸ ਪੀ ਦਫਤਰ ਤੋਂ ਕੁਝ ਦੂਰ ਦੋਸ਼ੀ ਨੇ ਧੂਮਧਾਮ ਨਾਲ ਵਿਆਹ ਕੀਤਾ। ਮ੍ਰਿਤਕ ਦੇ ਪਿਤਾ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਐਸ ਪੀ ਸ਼ਾਮ ਸੁੰਦਰ ਨੂੰ ਸੂਚਨਾ ਦਿੱਤੀ ਤਾਂ ਉਹ ਕਾਰਵਾਈ ਕਰਨ ਦੀ ਥਾਂ ਪੀੜਤ ਨੂੰ ਪੈ ਗਏ। ਐਫ ਆਈ ਆਰ ਵਿੱਚ ਦਰਜ ਕਤਲ ਦੇ ਦੋਸ਼ੀ ਨੂੰ ਉਹ ਅਪਰਾਧੀ ਮੰਨਣ ਤੋਂ ਇਨਕਾਰ ਕਰਨ ਲੱਗੇ।

## ਲਾਰਡ ਮਾਊਂਟਬੈਟਨ ਤੇ ਐਡਵਿਨਾ ਦੀਆਂ ਚਿੱਠੀਆਂ ਨੂੰ ਜਨਤਕ ਕਰਨ ਤੋਂ ਬ੍ਰਿਟੇਨ ਸਰਕਾਰ ਦਾ ਇਨਕਾਰ

ਲੰਡਨ, 17 ਮਈ (ਪੋਸਟ ਬਿਊਰੋ)- ਬ੍ਰਿਟੇਨ ਸਰਕਾਰ ਨੇ ਇੱਕ ਵਾਰ ਫਿਰ ਭਾਰਤ ਦੇ ਆਖ਼ਰੀ ਵਾਇਸਰਾਇ, ਲਾਰਡ ਮਾਊਂਟਬੈਟਨ ਤੇ ਉਨ੍ਹਾਂ ਦੀ ਪਤਨੀ ਐਡਵਿਨਾ ਮਾਊਂਟਬੈਟਨ ਦੀਆਂ ਡਾਇਰੀਆ ਤੇ ਪੱਤਰਾਂ ਨੂੰ ਜਾਰੀ ਕਰਨ ਤੋਂ ਇਨਕਾਰ ਕਰ ਦਿੱਤਾ ਹੈ। ਲੇਖਕ ਐਂਡਰਿਊ ਲੋਵਾਨੀ ਨੇ ਇਨ੍ਹਾਂ ਪੱਤਰਾਂ ਤੇ ਡਾਇਰੀਆਂ ਨੂੰ ਜਨਤਕ ਕਰਨ ਲਈ ਚਾਰ ਸਾਲ ਸੰਘਰਸ਼ ਕਰਦਿਆਂ ਢਾਈ ਕਰੋੜ ਰੁਪਏ ਖ਼ਰਚ ਕੀਤੇ ਸਨ ਅਤੇ ਬ੍ਰਿਟਿਸ਼ ਕੈਬਨਿਟ ਤੇ ਸਾਊਥੈਂਪਟਨ ਯੂਨੀਵਰਸਿਟੀ ਨੇ ਉਨ੍ਹਾਂ ਦੇ ਯਤਨਾਂ ਉੱਤੇ ਪਾਣੀ ਫੇਰ ਦਿੱਤਾ ਹੈ, ਜਿਸ ਤੋਂ ਬਹੁਤ ਉਮੀਦਾਂ ਸਨ।

ਲੇਖਕ ਦਾ ਮੰਨਣਾ ਹੈ ਕਿ ਇਹ ਡਾਇਰੀ ਭਾਰਤ-ਪਾਕਿ ਵੰਡ ਅਤੇ ਐਡਵਿਨਾ ਦੇ ਰਿਸ਼ਤੇ ਬਾਰੇ ਬਹੁਤ ਸਾਰੇ ਰਾਜ਼ ਜ਼ਾਹਿਰ ਕਰ ਸਕਦੀ ਹੈ। ਇਸ ਕਾਰਨ ਕਰਕੇ ਬ੍ਰਿਟੇਨ ਸਰਕਾਰ ਉਨ੍ਹਾਂ ਨੂੰ ਜਨਤਕ ਨਹੀਂ ਕਰਦੀ। ਇੱਕ ਰਿਪੋਰਟ ਅਨੁਸਾਰ 2010 ਵਿੱਚ ਲਾਰਡ ਮਾਊਂਟਬੈਟਨ ਦੀ ਡਾਇਰੀ ਅਤੇ ਐਡਵਿਨਾ ਦੀਆਂ ਕੁਝ ਚਿੱਠੀਆਂ ਨੂੰ ਇਸ ‘ਦੇਸ਼ ਲਈ ਸੁਰੱਖਿਅਤ' ਐਲਾਨ ਕਰ ਦਿੱਤਾ ਗਿਆ ਸੀ। ਸਾਊਥੈਂਪਟਨ ਯੂਨੀਵਰਸਿਟੀ ਨੇ ਇਹ ਪੱਤਰ ਅਤੇ ਡਾਇਰੀਆਂ, ਜਿਸ ਨੂੰ ‘ਬ੍ਰਾਡਲੈਂਡ ਆਰਕਾਈਵ' ਕਹਿੰਦੇ ਹਨ, ਨੂੰ 2010 ਵਿੱਚ 28 ਲੱਖ ਪੌਂਡ ਵਿੱਚ ਖ਼ਰੀਦਿਆ ਸੀ। ਯੂਨੀਵਰਸਿਟੀ ਨੇ ਇਸ ਨੂੰ ਖ਼ਰੀਦਣ ਦੇ ਨਾਂਅ ਉਤੇ ਬਹੁਤ ਸਾਰੇ ਲੋਕਾਂ ਤੋਂ ਫ਼ੰਡ ਪ੍ਰਾਪਤ ਕੀਤੇ ਸਨ। ਯੂਨੀਵਰਸਿਟੀ ਨੇ ਕਿਹਾ ਸੀ ਕਿ ਉਹ ਇਹ ਯਕੀਨੀ ਕਰੇਗੀ ਕਿ ਇਹ ਦਸਤਾਵੇਜ਼ ਲੋਕਾਂ ਤੱਕ ਪਹੁੰਚ ਸਕਣ।

ਮਾਊਂਟਬੈਟਨ ਬਾਰੇ ਕਿਤਾਬ ਲਿਖਣ ਵਾਲੇ ਐਂਡਰਿਊ ਲੋਵਾਨੀ ਦਾ ਡਾਇਰੀਆਂ ਦੇ ਪੱਤਰਾਂ ਨੂੰ ਜਨਤਕ ਬਣਾਉਣ ਲਈ ਸੰਘਰਸ਼ ਕਰ ਰਿਹਾ ਹੈ, ਪਰ ਅਜੇ ਤੱਕ ਸਫਲ ਨਹੀਂ ਹੋਇਆ। ਯੂਨੀਵਰਸਿਟੀ ਨੇ ਕਿਹਾ ਕਿ ਇਸ ਨੂੰ ਸਰਕਾਰ ਤੋਂ ਨਿਰਦੇਸ਼ ਮਿਲੇ ਹਨ ਕਿ ਕੁਝ ਦਸਤਾਵੇਜ਼ ਜਨਤਕ ਨਹੀਂ ਹੋਣੇ ਚਾਹੀਦੇ ਹਨ। ਲੋਵਾਨੀ ਨੇ ਕਿਹਾ ਕਿ ਇਨ੍ਹਾਂ ਵਿੱਚ ਕੁਝ ਖਾਸ ਹੈ, ਜਿਸ ਕਾਰਨ ਯੂਨੀਵਰਸਿਟੀ ਤੇ ਸਰਕਾਰ ਲੱਖਾਂ ਪੌਂਡ ਖ਼ਰਚ ਕਰ ਰਹੀ ਹੈ ਤਾਂ ਜੋ ਉਨ੍ਹਾਂ ਨੂੰ ਜਨਤਕ ਹੋਣ ਤੋਂ ਬਚਾਇਆ ਜਾ ਸਕੇ। ਲੋਵਾਨੀ ਦਾ ਮੰਨਣਾ ਹੈ ਕਿ ਇਹ ਦਸਤਾਵੇਜ਼ ਸ਼ਾਹੀ ਪਰਵਾਰ ਤੇ ਭਾਰਤ ਦੀ ਵੰਡ ਬਾਰੇ ਨਵੀਂ ਜਾਣਕਾਰੀ ਵੀਦੇ ਸਕਦੇ ਹਨ। ਲਾਰਡ ਮਾਊਂਟਬੈਟਨ ਪ੍ਰਿੰਸ ਫਿਲਿਪ ਦਾ ਚਾਚਾ ਸੀ। ਬ੍ਰਿਟਿਸ਼ ਅਖ਼ਬਾਰ ਐਕਸਪ੍ਰੈਸ ਦੇ ਅਨੁਸਾਰ ਐਡਵਿਨਾ ਇੱਕ ਅਮੀਰ ਪਰਵਾਰ ਵਿੱਚੋਂ ਸੀ ਅਤੇ ਉਸ ਦੇ ਪਿਤਾ ਯੂ ਕੇ ਵਿੱਚ ਪਾਰਲੀਮੈਂਟ ਮੈਂਬਰ ਸਨ। ਐਡਵਿਨਾ ਦਾ ਕਈ ਲੋਕਾਂ ਨਾਲ ਪ੍ਰੇਮ ਸੰਬੰਧ ਸੀ ਅਤੇ ਉਸ ਨੇ ਇਸ ਨੂੰ ਮਾਊਂਟਬੈਟਨ ਤੋਂ ਨਹੀਂ ਲੁਕਾਇਆ। ਮਾਊਂਟਬੈਟਨ ਦੀ ਬੇਟੀ ਪਾਮੇਲਾ ਹਿਕਸ ਨੇ ਆਪਣੀ ਕਿਤਾਬ ‘ਡੌਟਰ ਆਫ਼ ਐਂਪਾਇਰ' ਵਿੱਚ ਲਿਖਿਆ ਕਿ ਉਸ ਦੀ ਮਾਂ ਅਤੇ ਭਾਰਤ ਦੇ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਵਿਚਾਲੇ ਪ੍ਰੇਮ ਸੰਬੰਧ ਸੀ। ਉਸ ਨੇ ਕਿਹਾ ਕਿ ਮੇਰੀ ਮਾਂ ਅਤੇ ਪੰਡਿਤ ਨਹਿਰੂ ਇੱਕ-ਦੂਜੇ ਨੂੰ ਬਹੁਤ ਪਿਆਰ ਕਰਦੇ ਸਨ। ਏਦਾਂ ਕਈ ਹੋਰ ਰਾਜ਼ ਵੀ ਖੁੱਲ੍ਹ ਸਕਦੇ ਹਨ।

Century 21
President Realty Inc
Brokerage*
Independently Owned and Operated.



ਓਂਟਾਰੀਓ ਦੇ ਕਿਸੇ ਵੀ ਸ਼ਹਿਰ ਵਿਚ ਪ੍ਰਾਪਰਟੀ ਖਰੀਦਣ ਲਈ ਕਾਲ ਕਰੋ

Jagdish Grewal
Sales Repersentative

Call Now: (416)-970-5005



Sandalwood & Kennedy
ਬਹੁਤ ਹੀ ਖੂਬਸੂਰਤ detached ਘਰ 3 ਬੈੱਡਰੂਮ, 1 ਬੈੱਡਰੂਮ ਦੀ ਫਿਨਿਸ਼ੇਡ ਬੇਸਮੈਂਟ , ਸਕੂਲ, ਪਬਲਿਕ ਬੱਸ ਸਰਵਿਸ ਅਤੇ ਪਲਾਜ਼ਾ ਦੇ ਨੇੜੇ!



Bramalea & Peter Robertson
3 ਬੈੱਡਰੂਮ semi-detached ਘਰ ਦੇ ਵਿਚਕਾਰ ਬਿਲਟ ਇਨ ਕਿਚਨ ,ਗਰੇਨਾਇਟ ਕਾਊਂਟਰ, ਵੂਲਫ ਗੈਸ ਸਟੋਵ, ਬਹੁਤ ਹੀ ਸੁੰਦਰ ਗਾਰਡਨ ਅਤੇ ਬੈਕਯਾਰਡ ਏਰੀਆ ਪ੍ਰਾਈਮ ਲੋਕੇਸ਼ਨ, ਪਬਲਿਕ ਬੱਸ ਸਰਵਿਸ, ਹਸਪਤਾਲ, ਸਕੂਲ ਅਤੇ ਪਲਾਜ਼ਾ ਦੇ ਨੇੜੇ.



Bovaird & Royal Orchard
3 ਬੈੱਡਰੂਮ ਟਾਊਨ ਹਾਊਸ ਵੱਖਰੇ ਲਿਵਿੰਗ ਤੇ ਫੈਮਿਲੀ ਰੂਮ, ਫਿਨਿਸ਼ੇਡ ਬੇਸਮੈਂਟ,ਵੱਡਾ ਡ੍ਰਾਈਵੇ,ਲੈਮੀਨੇਟ ਫਲੋਰ,ਪਹਿਲੀ ਵਾਰ ਘਰ ਖਰੀਦਣ ਵਾਲਿਆ ਲਈ ਵਧੀਆ ਮੌਕਾ



Bovaird & Bramlea Rd
3 +1 ਬੈੱਡਰੂਮ ਘਰ ਵੱਖਰੀ ਐਂਟਰੈਸ ਵਾਲੀ ਬਣੀ ਹੋਈ ਬੇਸਮੈਂਟ,ਵਾਕਆਊਟ ਵੱਡਾ ਯਾਰਡ ,ਨਵੀ ਕਿਚਨ,ਪੋਟ ਲਾਈਟਾਂ,ਫਾਈਰ ਪਲੇਸ



Bovaird & Worthington
4 ਬੈੱਡਰੂਮ, ਡੀਟੈਚਡ ਘਰ ਵੱਖਰੇ ਲਿਵਿੰਗ ਤੇ ਫੈਮਿਲੀ ਰੂਮ, ਫਿਨਿਸ਼ੇਡ ਬੇਸਮੈਂਟ,ਵੱਡਾ ਡ੍ਰਾਈਵੇ,ਲੈਮੀਨੇਟ ਫਲੋਰ,ਲੈਂਡਸਕੇਪ ਤੇ ਹਜ਼ਾਰਾਂ ਡਾਲਰ ਖਰਚ ਕੀਤੇ ਹੋਏ ,ਗਰੇਨਾਇਟ ਕਾਊਂਟਰ,ਪੋਟ ਲਾਈਟਾਂ,ਅੱਪਗਰੇਡ ਹਾਰਡਵੁਡ



Pertosa & WillamsParkway
4 +2 ਬੈੱਡਰੂਮ ਡੀਟੈਚਡ ਘਰ ,ਵੱਖਰੇ ਲਿਵਿੰਗ ਤੇ ਫੈਮਿਲੀ ਰੂਮ, ਫਿਨਿਸ਼ੇਡ ਬੇਸਮੈਂਟ,ਵੱਡਾ ਡ੍ਰਾਈਵੇ,ਪ੍ਰਾਈਮ ਲੋਕੇਸ਼ਨ ਅਤੇ ਪਲਾਜ਼ਾ ਦੇ ਨੇੜੇ



Gore & Cotrelle
3 ਬੈੱਡਰੂਮ, ਡੀਟੈਚਡ ਘਰ , 2000 sq.ft ,1 ਬੈੱਡਰੂਮ ਦੀ ਫਿਨਿਸ਼ੇਡ ਬੇਸਮੈਂਟ ,ਵੱਡਾ ਡੇਕ,ਕਾਫੀ ਅਪਗ੍ਰੇਡ ਕੀਤਾ ਮੋਡਰਨ ਕਿਚਨ ,ਪਾਰਕਿੰਗ ਲਈ ਖੁੱਲਾ ਗੈਰਾਜ



Bovaird & Hwy 410
4 ਬੈੱਡਰੂਮ ਡੀਟੈਚਡ ਘਰ, ਪਬਲਿਕ ਬੱਸ ਸਰਵਿਸ,ਸਕੂਲ,ਪਲਾਜ਼ਾ, 410/407 ਹਾਈਵੇ ਨੇੜੇ, ਅਪਗ੍ਰੇਡ ਕੀਤਾ ਮੌਡਰਨ ਕਿਚਨ

(416) 970-5005 www.vipcondonetwork.com

80 Maritime Ontario Blvd #246 Brampton, ON L6S 0E7 Call: 905-488-2100 Fax : 905-488-2101

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates

ਵਨਾਈਲ ਅਤੇ ਐਲੁਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
CANADIAN GLASS AND WINDOW
SINGH (TOCHI)
416-454-3031
647-784-8240
Email: tochisangha1@hotmail.com

ਫਾਰਮਾਂ ਵਿਚ ਕੰਮ ਕਰਨ ਲਈ ਕਾਮਿਆਂ ਦੀ ਲੋੜ
ਬਰੈਂਪਟਨ, ਮਿਸੀਸਾਗਾ, ਮਾਲਟਨ, ਮਿਲਟਨ, ਕੈਲੇਡਨ ਤੋਂ ਪਿਕਅਪ। ਵਧੀਆ ਤਨਖਾਹ ਦਿੱਤੀ ਜਾਵੇਗੀ।
ਸੰਪਰਕ: ਅਜੈਬ ਸਹੋਤਾ
4165618882, 4164544587

A-One Drivers TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
] ਮੁਫਤ ਪਿਕਅਪ ਅਤੇਂ ਡਰਾਪ ਆਫ਼
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਉਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ

ਲੇਡੀ ਇੰਸਟ੍ਰਕਟਰ
647-998-7500 ਬਲਵਿੰਦਰ

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
CLASSIFIEDS
Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

WWW.KULWINDERCHHINA.COM
MULTI AWARD WINNER
REALTOR

KULWINDERCHHINA
BROKER
647.293.2327


Marriage
Matrimonial
ਰਿਸ਼ਤੇ ਹੀ ਰਿਸ਼ਤੇ
Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

# ਲੜਕੀ ਦੀ ਲੋੜ

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜਟ ਸਿਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5''8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

ਜੱਟ ਸਿੱਖ ਗਰੇਵਾਲ ਲੜਕਾ, 1994, ਕੱਦ 6'2'', ਜੋ ਕਿ ਆਸਟ੍ਰੇਲੀਆ 'ਚ ਸਟੱਡੀ ਵੀਜ਼ੇ 'ਤੇ ਰਹਿ ਰਿਹਾ ਹੈ, ਲਈ ਕੈਨੇਡਾ ਤੋਂ ਲੜਕੀ ਦੀ ਲੋੜ ਹੈ। ਲੜਕੇ ਦੀ ਇਕ ਭੈਣ ਕੈਨੇਡਾ (ਟੋਰਾਂਟੋ) ਤੇ ਦੂਸਰੀ ਭੈਣ ਆਸਟ੍ਰੇਲੀਆ 'ਚ ਸੈਟਲਡ ਹੈ। ਲੜਕੇ ਦੇ ਮਾਤਾ ਜੀ ਸੁਪਰ ਵੀਜ਼ੇ 'ਤੇ ਕੈਨੇਡਾ ਆਏ ਹੋਏ ਹਨ। ਸੰਪਰਕ:-647-772-6650, ਵਟਸ ਐਪ ਨੰਬਰ:- 99156-62207

Match for Handsome Jat Sikh boy 40/5'10"(Issueless divorce), B.Tech, M.S (USA) Working in MNC as Senior Software Engineer in the USA. Family of Doctors and Engineers. Please respond with recent pics. Email match52020@gmail.com, Whats-app: +91-9815787350

ਕੈਨੇਡਾ ਵਿੱਚ ਵੈੱਲ ਸੈਟਲਡ, ਵਿੰਨੀਪੈਗ ਰਹਿ ਰਹੇ ਕੈਨੇਡਾ ਤੋਂ ਐਮਬੀਏ ਦੀ ਡਿਗਰੀ ਪ੍ਰਾਪਤ ਗੁਲਾਟੀ ਪਰਿਵਾਰ ਦੇ 29 ਸਾਲਾ ਲੜਕੇ, ਕੱਦ 6 ਫੁੱਟ 3 ਇੰਚ ਲਈ ਲੰਮੀਂ ਉੱਚੀ ਤੇ ਪੜ੍ਹੀ ਲਿਖੀ ਯੋਗ ਕੰਨਿਆ ਦੀ ਜ਼ਰੂਰਤ ਹੈ। ਤਰਨਤਾਰਨ ਵਿੱਚ ਪਰਿਵਾਰ ਦਾ ਜਿਊਲਰੀ ਦਾ ਕਾਰੋਬਾਰ ਹੈ। ਸੰਪਰਕ: 9815908662, 9815032106,416-817-4684.

ਜੱਟ ਸਿੱਖ ਧਨੋਆ ਲੜਕਾ, ਉਮਰ 27 ਸਾਲ ਕੱਦ 5'11'' ਮਿਕੈਨੀਕਲ ਇੰਜਨੀਅਰ ਅੰਮ੍ਰਿਤਧਾਰੀ ਵਿਜ਼ਿਟਰ ਵੀਜ਼ੇ ਉਤੇ ਆਏ, ਲਈ PR/Citizen/Studentਲੜਕੀ ਦੀ ਲੋੜ ਹੈ। ਲੜਕਾ ਆਪਣੇ ਮਾਮਾ-ਮਾਮੀ ਕੋਲ ਰਹਿ ਰਿਹਾ ਹੈ। ਤਲਾਕਸ਼ੁਦਾ ਉਤੇ ਵੀ ਗੌਰ ਕੀਤੀ ਜਾ ਸਕਦੀ ਹੈ। (Studentਦਾ ਖਰਚਾ ਵੀ ਕਰ ਸਕਦੇ ਹਾਂ) ਲੜਕੇ ਦਾ ਭਰਾ ਆਸਟ੍ਰੇਲੀਆ ਰਹਿ ਰਿਹਾ ਹੈ। ਸੰਪਰਕ: 416-708-4100

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5'10'', Dentist, MBAਆਸਟਰੇਲੀਆ ਵਿੱਚ ਵੱਰਕ ਪਰਮਿਟ ਤੇ ਰਹਿੰਦੇ ਲੜਕੇ ਲਈ ਵਧੀਆ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ :647-280-6503 । +91-98142-02918 (Whatsapp)

Seeking a suitable match for their son, never married, 43 years, 6' tall, fair, Ramdasia Gursikh, Amritdhari, Canadian citizen. Father class 1 retied officer and well settled family. Serious queries please respond on email sukhi_cancer@yahoo.com or call 416-721-5191 or 647-308-4411(contact after 5 pm)

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

# ਲੜਕੀ ਦੀ ਲੋੜ

ਕੈਨੇਡਾ ਵਿਚ ਵੈੱਲ ਸੈਟਲਡ ਪੀ.ਆਰ. ਲੜਕਾ, ਟਰੱਕਿੰਗ ਇੰਡਸਟਰੀ ਵਿਚ ਵਧੀਆ ਨੌਕਰੀ ਕਰ ਰਿਹਾ, ਉਮਰ 30 ਸਾਲ, ਕੱਦ 5'9'' ਲਈ ਕੈਨੇਡੀਅਨ ਪੀ.ਆਰ./ਸਿਟੀਜਨ, ਵਰਕ ਪਰਮਿਟ ਜਾਂ ਆਪਣੇ ਪਰਿਵਾਰ ਨਾਲ ਰਹਿ ਰਹੀ ਲੜਕੀ ਦੀ ਲੋੜ ਹੈ। ਲੜਕੇ ਦੀ ਭੈਣ ਕੈਨੇਡਾ ਵਿਚ ਆਪਣੇ ਪਰਿਵਾਰ ਨਾਲ ਰਹਿੰਦੀ ਹੈ। ਸੰਪਰਕ: 647-608-4013

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

* ਜੱਟ ਸਿਖ ਲੜਕਾ, ਉਮਰ 28 ਸਾਲ, ਕੱਦ 5 ਫੁੱਟ 4 ਇੰਚ ਲਈ ਪਰਿਵਾਰਕ ਲੜਕੀ ਦੀ ਲੋੜ ਹੈ। ਲੜਕਾ ਪਿਛਲੇ 6 ਸਾਲਾਂ ਤੋਂ ਕੁਕਿੰਗ ਦਾ ਕੰਮ ਕਰਦਾ ਹੈ ਤੇ ਕੈਨੇਡਾ ਵਿਚ ਵਿਜ਼ਿਟਰ ਵੀਜ਼ੇ ਉਤੇ ਕੈਂਬਰਿਜ ਗੁਰਦੁਆਰਾ ਸਾਹਿਬ ਵਿਖੇ ਕੁੱਕ ਦੀ ਸੇਵਾ ਕਰਦਾ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰ੍ਹੋ:- 647-852-7532 ਅਤੇ 647-637-4035

* ਹਿੰਦੂ ਖਤਰੀ ਲੜਕਾ, ਕੱਦ 5'8'', ਉੱਮਰ 28 ਸਾਲ, ਰੰਗ ਸਾਫ, ਯੋਗਤਾ ਬੈਚਲਰ ਇਨ ਹੋਸਪੀਟੈਲਟੀ ਮਨੇਜਮੈਂਟ। ਓਬਰਾਏ, ਤਾਜ ਵਰਗੇ ਚੰਗੀ ਕੰਪਨੀਆਂ ਵਿਚ 8 ਸਾਲ ਕੰਮ ਦਾ ਤਜ਼ਰਬਾ ਅਤੇ ਇੰਡੀਆ ਵਿੱਚ ਚੰਗੀ ਜੋਬ ਕਰਦੇ ਲੜਕੇ ਲਈ ਕੈਨੇਡੀਅਨ ਪੀ ਆਰ ਜਾਂ ਵਰਕ ਪਰਮਟ ਹੋਲਡਰ ਲੜਕੀ ਦੀ ਲੋੜ ਹੈ। ਪੰਜਾਬ ਭਾਖੜਾ ਨੰਗਲ ਨਾਲ ਸੰਬੰਧ ਰੱਖਦੇ ਹਨ। ਵਧੇਰੀ ਜਾਣਕਾਰੀ ਲਈ ਕਾਲ ਜਾਂ ਵਟਸਐਪ ਕਰੋ:+91-94173-58712

* ਸੁੰਨਿਆਰਾ ਲੜਕਾ, ਉੱਮਰ 25 ਸਾਲ, ਕੱਦ 5'8'', ਕੈਨੇਡੀਅਨ ਸਿਟੀਜ਼ਨ, ਵੈਲ ਸੇਟਲਡ, ਆਪਣਾ ਕਾਰੋਬਾਰ ਲਈ ਕੈਨੇਡੀਅਨ/ਅਮਰੀਕਨ ਸਿਟੀਜਨ ਜਾਂ ਪੀ ਆਰ ਲੜਕੀ ਦੀ ਲੋੜ ਹੈ। ਸਟੂਡੈਂਟ ਜਾਂ ਵਰਕ ਪਰਮਟ ਹੋਲਡਰ ਵੀ ਸੰਪਰਕ ਕਰ ਸਕਦੇ ਹਨ। ਕਿਰਪਾ ਕਰਕੇ ਆਪਣੇ ਬਰਾਦਰੀ ਵਾਲੇ ਹੀ ਸੰਪਰਕ ਕਰਨ। ਕਾਲ : 647-739-3600 ।

* ਅਰੋੜਾ ਸਿੱਖ ਲੜਕਾ, ਉੱਮਰ 36 ਸਾਲ, ਕੱਦ 5'11',ਕੇਨੈਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰ ਰਹੇ ਲੜਕੇ ਲਈ ਘਰੇਲੂ ਅਤੇ ਪੀ ਆਰ/ ਵਰਕ ਪਰਮਿਟ ਲੜਕੀ ਦੀ ਲੋੜ ਹੈ। ਕਿਰਪਾ 30 ਤੋ ਵੱਧ ਉਮਰ ਦੀਆਂ ਲੜਕੀਆਂ ਹੀ ਸੰਪਰਕ ਕਰਨ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 431-998-8022

* ਜੱਟ ਸਿਖ ਲੜਕਾ, ਉੱਮਰ 27 ਸਾਲ, ਕੱਦ 5'11'', ਕੈਨੇਡਾ ਵਿਚ ਪੀ ਆਰ ਹੈ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਓਹੀ ਸੰਪਰਕ ਕਰਨ ਜੋ ਲੜਕੇ ਦੇ ਦੁਬਈ ਰਹਿੰਦੇ ਭਰਾ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ ਲੋਕਲ: (587)-936-0127 ਜਾਂ ਇੰਡੀਆ: +91-94179-16049

* ਜੱਟ ਸਿੱਖ ਲੜਕਾ, ਉੱਮਰ 28 ਸਾਲ, ਕੱਦ 5'7'', ਕੈਨੈਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੀ ਆਰ ਜਾਂ ਸਿਟੀਜਨ , ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕੇਨੈਡਾ ਵਿੱਚ ਪੀ ਆਰ ਅਤੇ ਵਧੀਆ ਸੈਟਲਡ ਹੈ। ਪੰਜਾਬ ਤੋਂ ਮਾਝੇ ਜਿਲ੍ਹੇਂਨੂੰਪਹਿਲ ਦਿੱਤੀ ਜਾਵੇਗੀ। ਕਾਲ ਕਰੋ: 716-536-1939 ਜਾਂ ਵਟਸਐਪ ਕਰੋ: +91-98144-90449

ਇਕਲੌਤਾ ਲੜਕਾ ਅਰੋੜਾ ਖੱਤਰੀ ਸਿੰਘ, ਵੈਸ਼ਨੂੰ ਪਰਿਵਾਰ, ਪੂਰਨ ਗੁਰ ਸਿੱਖ, ਉਮਰ 24 ਸਾਲ, ਕੱਦ 5 ਫੁਟ 7 ਇੰਚ, ਇੰਗਲੈਂਡ ਦਾ ਚਾਰ ਸਾਲ ਦਾ ਸਟੱਡੀ ਵੀਜ਼ਾ ਮਿਲਿਆ ਹੋਇਆ ਹੈ, ਲਈ ਲੜਕੀ ਦੀ ਲੋੜ ਹੈ। ਮਾਤਾ ਆਸਟ੍ਰੇਲੀਆ ਵਿਚ ਨੈਨੀ ਬੇਸ 'ਤੇ ਗਈ ਹੈ, 2 ਸਾਲ ਦਾ ਵਰਕ ਪਰਮਿਟ। ਪਿਤਾ ਕਰੰਸੀ ਬਦਲੀ ਦਾ ਕੰਮ ਕਰਦਾ ਹੈ, ਪੰਜ ਦੁਕਾਨਾਂ ਕਿਰਾਏ ਉਤੇ ਹਨ, ਰੋਜ਼ ਦੀ 5000 ਆਮਦਨ। ਮੋਗਾ ਇਲਾਕੇ ਨੂੰ ਪਹਿਲ। ਸੰਪਰਕ : ਕੈਪਟਨ ਇਕਬਾਲ ਸਿੰਘ 647-631-9445

Check our Free E-paper at:
www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202
ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

# ਲੜਕੇ ਦੀ ਲੋੜ

ਜੱਟ ਸਿਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ-Singhmanmohan2006@gmail.com

ਜੱਟ ਸਿੱਖ ਗਿਲ ਲੜਕੀ, ਜਨਮ 1991, ਕੱਦ 5'-4'', Btech Electrical, ਕੈਨੇਡੀਅਨ ਪੀ ਆਰ ਲਈ ਗੁਰਸਿੱਖ, ਪੜੇ ਲਿੱਖੇ ਅਤੇ ਸੈਟਲਡ ਲੜਕੇ ਦੀ ਲੋੜ ਹੈ। ਲੜਕੀ ਦਾ ਸਾਰਾ ਪਰਿਵਾਰ ਇੰਡੀਆ ਵਿੱਚ ਰਹਿੰਦਾ ਹੈ। ਇੰਡੀਆ ਰਹਿੰਦੇ ਲੜਕੇ ਵੀ ਸੰਪਰਕ ਕਰ ਸਕਦੇ ਹਨ। ਸੰਪਰਕ ਕਰੋ: +91-94640-34653

Seeking a suitable match for Canadian born punjabi tonk kshatriya girl, 35 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਸਿੱਖ ਲੜਕੀ, ਉਮਰ 24 ਸਾਲ, ਕੱਦ 5 ਫੁਟ 3 ਇੰਚ, ਇੰਡੀਆ ਵਿਚ ਰਹਿੰਦੀ, ਯੋਗਤਾ ਐਮ.ਕਾਮ. ਤੇ ਕਾਲਜ ਵਿਚ ਲੈਕਚਰਾਰ ਦੀ ਨੌਕਰੀ ਕਰ ਰਹੀ ਹੈ। ਨੈਨੀ ਦਾ ਕੋਰਸ ਕੀਤਾ ਹੋਇਆ ਹੈ। ਰੰਗ ਸਾਫ਼, ਸੋਹਣੀ ਸੁਨੱਖੀ ਲੜਕੀ ਲਈ ਕੈਨੇਡੀਅਨ ਪੀ.ਆਰ. ਸਿੱਖ ਲੜਕੇ ਦੀ ਲੋੜ ਹੈ। ਜਾਤੀ ਬੰਧਨ ਨਹੀਂ। ਲੜਕੀ ਦੇ ਭੂਆ ਜੀ ਕੈਨੇਡਾ ਵਿਚ ਸੈਟਲਡ ਹਨ। ਸੰਪਰਕ: 905-749-1654

Beautiful,well educated, 28 years old Punjabi Lubana girl, BSc software engineering from London England,project management from Canada,currently working with Suncor Company,PR IN CANADA. Looking for Sikh Sardar well educated Boy,cast no Bar,from Canada. Contact number 3238 470 404

**"Jat Sikh family seeking suitable match for their daughter 37 year 6 ft. tall, well versed with both cultures. Born & raised in Canada, did her medicine degree & residency (double in Emergency & Internal Medicine) in USA. A green card holder and willing to come to Canada as the opportune prevail. Please contact (519) 351-8043 or B200348@gmail.com"**

Seeking a suitable match for Canadian born punjabi tonk kshatriya girl, 36 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਰਸੂਖ਼ਦਾਰ ਪੰਜਾਬੀ ਖੱਤਰੀ ਪਰਿਵਾਰ ਦੀ ਖੂਬਸੂਰਤ ਤੇ ਚੰਗੀ ਪੜ੍ਹੀ ਲਿਖੀ ਲੜਕੀ ਲਈ ਵੈੱਲਸੈਟਲਡ ਤੇ ਯੋਗ ਵਰ ਦੀ ਭਾਲ ਹੈ। ਲੜਕੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਜੀਆਈਐਸ ਐਂਡ ਰਿਮੋਟ ਸੈਂਸਿੰਗ ਵਿੱਚ ਪੋਸਟ ਗ੍ਰੈਜੂਏਟ ਹੈ। ਲੜਕੀ ਦੀ ਉਮਰ 29 ਸਾਲ, ਕੱਦ 5 ਫੁੱਟ 1 ਇੰਚ ਹੈ। ਲੜਕੀ ਸੁਸ਼ੀਲ ਤੇ ਪਰਿਵਾਰਪੱਖੀ ਸੋਚ ਰੱਖਣ ਵਾਲੀ ਹੈ। ਲੜਕੀ ਭਾਰਤ ਦੀ ਨਾਗਰਿਕ ਹੈ ਤੇ ਇਸ ਸਮੇਂ ਭਾਰਤ ਵਿੱਚ ਹੀ ਹੈ। ਭਰਾ ਦਾ ਪਰਿਵਾਰ ਸਥਾਈ ਤੌਰ ਉੱਤੇ ਟੋਰਾਂਟੋ ਸੈਟਲਡ ਹੈ। ਇਸ ਸਮੇਂ ਪਿਤਾ ਟੋਰਾਂਟੋ ਵਿੱਚ ਹਨ। ਸੰਪਰਕ : 416-890-2725 (ਪਿਤਾ), 416-457-8631 (ਭਰਾ), email- mthapar21@gmail.com

ਜੱਟ ਸਿੱਖ ਲੜਕੀ, 35 ਸਾਲ, ਕੱਦ 5'3'', ਵਿਜੀਟਰ ਵੀਜ਼ੇ ਤੇ ਆਈ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਪੀ ਆਰ ਲੜਕੇ ਦੀ ਲੋੜ ਹੈ। ਕਾਲ 647-456-1772

Call for Free Estimates
A-1 RENOVATION GTA INC
416-456-1462
OVER 15 YEARS OF SERVICE
Professionals in Completing Basements within 3 Weeks
$1,000
Services:
• Complete Basement
• Tiles
• Bathrooms
• Plumbing
• Laminate
• Hardwood Floor
• Painting
info@a1renovationgta.com
www.a1renovationgta.com
A-1 RENOVATION GTA INC.
22 Listcreek Road, Brampton L6p 2n6

STARLANE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ


ਹਰਜੀਤ ਧਨੋਆ
416.230.4000 • 647.409.1092
www.STARLANEPAINTING.com

(905)793-2202
You can Place Your Business Here
To Reach Wider Audience
For more info Call 905-793-2202 or e-mail ads@punjabipost.ca

ਫੋਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓਂ
20 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

WANTED
Panjabi Nannies, Caregivers, Cleaning ladies and Cooks for GTA. Please contact at the earliest at: 416-275-7010

A/Z CITY DRIVER WANTED
INNOVATION Transportation
◦A/Z City Drivers Needed
◦Good Pay and good Mileage
◦Day, Afternoon & Weekend Shifts
◦Weekly Pay
$22 /Hour
◦7 Days Work ◦All Shifts Available
Toronto ਤੇ Montreal ਲਈ ਵੀ ਡਰਾਇਵਰਾਂ ਦੀ ਲੋੜ ਹੈ
Call : 416- 268-9952
70 Delta Park Blvd, Unit # 4, Brampton

UPPAL LAW

AVTAR UPPAL
Manager
IMMIGRATION SERVICES
* Visitor Visa
* Super Visa
* Study,Work,Visitor Extension Visa
* Spousal Applications
* Family Sponsorship
* Permanent Residence Card Renewal
* Citizenship Application
* All Invitation Letters
OTHER PRACTICES
* Criminal Law
* Family Law
* Power of Attorney
* Change of Name
* Notarization
* Travel Consent
* Affidavit
* Landlord and Tenant Matters

AMAN UPPAL
Barrister,Solicitor
FREE Consultation
Tel: 905-500-1507
351 Parkhurst Square, # 16,
Brampton,ON L6T 0C2, Fax: 905-672-7848
* PRIOR APPOINTMENT NECESSARY

